Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 184 | 03/12/2025 | www.samajweekly.com | samajweekly | @samajweekly | samajweekly

# ਹੁਣ ਘੁਸਪੈਠੀਆਂ ਦਾ ਰੈੱਡ ਕਾਰਪਟ ਵਿਛਾ ਕੇ ਸਵਾਗਤ ਕਰੀਏ : ਸੂਰਿਆ ਕਾਂਤ

## ਰੋਹਿੰਗਿਆ ਅਤੇ ਬੰਗਲਾਦੇਸ਼ੀ ਘੁਸਪੈਠੀਆਂ ਉਤੇ ਚੀਫ਼ ਜਸਟਿਸ ਦੀ ਸਖ਼ਤ ਟਿਪਣੀ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਭਾਰਤ ’ਚ ਰਹਿ ਰਹੇ ਰੋਹਿੰਗਿਆ ਮੁਸਲਮਾਨਾਂ ਦੀ ਕਾਨੂੰਨੀ ਸਥਿਤੀ ਉਤੇ ਤਿੱਖੇ ਸਵਾਲ ਉਠਾਉਂਦੇ ਹੋਏ ਪੁਛਿਆ ਕਿ ਕੀ ਘੁਸਪੈਠੀਆਂ ਦਾ ਲਾਲ ਕਾਲੀਨ ਵਿਛਾ ਕੇ ਸਵਾਗਤ ਕੀਤਾ ਜਾਣਾ ਚਾਹੀਦਾ ਹੈ ਜਦਕਿ ਦੇਸ਼ ਦੇ ਅਪਣੇ ਨਾਗਰਿਕ ਗਰੀਬੀ ਨਾਲ ਜੂਝ ਰਹੇ ਹਨ। ਚੀਫ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਯਮਾਲਿਆ ਬਾਗਚੀ ਦੀ ਬੈਂਚ ਨੇ ਅਧਿਕਾਰ ਕਾਰਕੁਨ ਰੀਟਾ ਮਨਚੰਦਾ ਵਲੋਂ ਦਾਇਰ ‘ਹੇਬੀਅਸ ਕਾਰਪਸ’ ਪਟੀਸ਼ਨ ਉਤੇ ਸੁਣਵਾਈ ਕਰਦਿਆਂ ਤਿੱਖੀ ਟਿਪਣੀਆਂ ਕੀਤੀਆਂ। ਹੁਣ ਇਸ ਮਾਮਲੇ ਦੀ ਸੁਣਵਾਈ 16 ਦਸੰਬਰ ਤਕ ਮੁਲਤਵੀ ਕਰ ਦਿਤੀ ਗਈ ਹੈ। ਵਕੀਲ ਨੇ ਦੋਸ਼ ਲਾਇਆ ਕਿ ਕੁੱਝ



ਰੋਹਿੰਗਿਆ ਲੋਕਾਂ ਨੂੰ ਦਿੱਲੀ ਪੁਲਿਸ ਨੇ ਮਈ ਵਿਚ ਚੁੱਕ ਲਿਆ ਸੀ ਅਤੇ ਉਨ੍ਹਾਂ ਦੇ ਟਿਕਾਣੇ ਬਾਰੇ ਕੋਈ ਜਾਣਕਾਰੀ ਨਹੀਂ ਸੀ। ਚੀਫ ਜਸਟਿਸ ਨੇ ਪੁਛਿਆ, ‘‘ਜੇਕਰ ਉਨ੍ਹਾਂ ਕੋਲ ਭਾਰਤ ’ਚ ਰਹਿਣ ਲਈ ਕਾਨੂੰਨੀ ਦਰਜਾ ਨਹੀਂ ਹੈ ਅਤੇ ਤੁਸੀਂ ਘੁਸਪੈਠੀਏ ਹੋ ਤਾਂ ਉੱਤਰੀ ਭਾਰਤ ਵਾਲੇ ਪਾਸੇ ਸਾਡੀ ਬਹੁਤ ਹੀ ਸੰਵੇਦਨਸ਼ੀਲ ਸਰਹੱਦ ਹੈ। ਜੇ ਕੋਈ ਘੁਸਪੈਠੀਏ ਆਉਂਦਾ ਹੈ, ਤਾਂ ਕੀ ਅਸੀਂ ਉਨ੍ਹਾਂ ਦਾ ਲਾਲ ਕਾਲੀਨ ਨਾਲ ਸਵਾਗਤ ਕਰਦੇ ਹਾਂ ਕਿ ਅਸੀਂ ਤੁਹਾਨੂੰ ਸਾਰੀਆਂ ਸਹੂਲਤਾਂ ਦੇਣਾ ਚਾਹੁੰਦੇ ਹਾਂ? ਉਨ੍ਹਾਂ ਨੂੰ ਵਾਪਸ ਭੇਜਣ ਵਿਚ ਕੀ ਸਮੱਸਿਆ ਹੈ?’’ ਉਨ੍ਹਾਂ ਕਿਹਾ ਕਿ ਭਾਰਤ ਬਹੁਤ ਸਾਰੇ ਗਰੀਬ ਲੋਕਾਂ ਵਾਲਾ ਦੇਸ਼ ਹੈ ਅਤੇ ਸਾਨੂੰ ਉਨ੍ਹਾਂ ਉਤੇ ਧਿਆਨ ਦੇਣਾ ਚਾਹੀਦਾ ਹੈ।

# ਪੰਜਾਬ ਵਿੱਚ ਟਰਾਂਸਪੋਰਟ ਕਾਮਿਆਂ ਦੀ ਹੜਤਾਲ ਖ਼ਤਮ

**ਪਟਿਆਲਾ।** ਪਟਿਆਲਾ ’ਚ ਹੜਤਾਲ ਖ਼ਤਮ ਹੋਣ ਮਗਰੋਂ ਬੱਸ ’ਤੇ ਸਵਾਰ ਹੁੰਦੀਆਂ ਹੋਈਆਂ ਸਵਾਰੀਆਂ। ਪੰਜਾਬ ਰੋਡਵੇਜ਼, ਪੀ ਆਰ ਟੀ ਸੀ ਤੇ ਪਨਬੱਸ ਕੰਟਰੈਕਟ ਵਰਕਰ ਯੂਨੀਅਨ ਪੰਜਾਬ ਵੱਲੋਂ ਯੂਨੀਅਨ ਦੇ ਸੂਬਾਈ ਪ੍ਰਧਾਨ ਰੇਸ਼ਮ ਸਿੰਘ ਗਿੱਲ ਦੀ ਅਗਵਾਈ ਹੇਠ ਕੀਤੀ ਸੂਬਾ ਪੱਧਰੀ ਹੜਤਾਲ ਅੱਜ ਪੰਜਵੇਂ ਦਿਨ ਖ਼ਤਮ ਕਰ ਦਿੱਤੀ ਗਈ। 30 ਨਵੰਬਰ ਨੂੰ ਬਣੀ ਸਹਿਮਤੀ ਕਸੂਤਾ ਪੇਚ ਫਸਣ ਕਰ ਕੇ ਟੁੱਟ ਗਈ ਸੀ ਪਰ ਅੱਜ ਵਿਚਕਾਰਲਾ ਰਾਹ ਹੜਤਾਲ ਵਾਪਸੀ ਤੱਕ ਅੱਪੜਿਆ। ਬਣੀ ਸਹਿਮਤੀ ਤਹਿਤ ਜਿੱਥੇ ਸਰਕਾਰ ਵੱਲੋਂ ਬਹਾਲੀ ਦਾ ਪੱਤਰ ਦਿਨ ’ਚ ਹੀ ਜਾਰੀ ਕੀਤਾ ਗਿਆ, ਉਥੇ ਜੇਲ੍ਹਾਂ ਵਿਚ ਬੰਦ ਵਰਕਰਾਂ ਨੂੰ ਰਾਤੀਂ ਰਿਹਾਅ ਕਰ ਦਿੱਤਾ ਗਿਆ। ਦੋਵਾਂ ਮੱਦਾਂ ਦੇ ਵਿਚਕਾਰ ਹੜਤਾਲ ਵੀ ਵਾਪਸ ਲੈਣੀ ਪਈ। ਉਂਜ ਇੰਸਪੈਕਟਰ ਗੁਰਪ੍ਰੀਤ ਸਮਰਾਓ ਅਤੇ ਹੋਰਾਂ ’ਤੇ ਕਥਿਤ ਹਮਲੇ ਵਾਲੇ ਆਗੂਆਂ ਦੀ ਰਿਹਾਈ ਅਜੇ ਨਹੀਂ ਹੋਈ, ਉਨ੍ਹਾਂ ਖ਼ਿਲਾਫ਼ ਇਰਾਦਾ ਕਤਲ ਦੇ ਕੇਸ ਦਰਜ ਹਨ। ਬੱਸ ਮੁਲਾਜ਼ਮਾਂ ਦੀ ਹੜਤਾਲ ਕਾਰਨ ਜਿੱਥੇ ਲੋਕਾਂ ਨੂੰ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪਿਆ, ਉਥੇ ਹੀ ਸਰਕਾਰ ਨੂੰ ਕਰੋੜਾਂ ਰੁਪਏ ਦਾ ਨੁਕ-ਸਾਨ ਵੀ ਝੱਲਣਾ ਪਿਆ। ਇਸੇ ਦਰਮਿਆਨ ਸਰਕਾਰ ਵਿਵਾਦਤ ਕਿਲੋਮੀਟਰ ਸਕੀਮ ਦੇ ਟੈਂਡਰ ਖੋਲ੍ਹਣ ’ਚ ਕਾਮਯਾਬ ਰਹੀ। ਪੀ ਆਰ ਟੀ ਸੀ ਦੇ ਵਾਈਸ ਚੇਅਰਮੈਨ ਬਲਵਿੰਦਰ ਸਿੰਘ ਝਾੜਵਾਂ ਨੇ ਇਸ ਦੀ ਪੁਸ਼ਟੀ ਕੀਤੀ ਹੈ। ਯੂਨੀਅਨ ਪ੍ਰਧਾਨ ਰੇਸ਼ਮ ਗਿੱਲ ਤੇ ਸਾਥੀ




ਕੰਟਰੈਕਟ ਆਧਾਰਿਤ ਮੁਲਾਜ਼ਮਾਂ ਨੂੰ ਪੱਕੇ ਕਰਵਾਉਣ ਲਈ ਸਰਕਾਰ ਨੂੰ ਜਲਦੀ ਕਾਰਵਾਈ ਸ਼ੁਰੂ ਕਰਵਾਉਣ ਲਈ ਮਨਾਉਣ ’ਚ ਵੀ ਕਾਮਯਾਬ ਰਹੇ ਹਨ। ਉਨ੍ਹਾਂ ਕਿਹਾ ਕਿ ਸੇਵਾਵਾਂ ਰੈਗੂਲਰ ਨਾ ਕਰਨ ’ਤੇ ਉਹ ਮੁੜ ਸੰਘਰਸ਼ ਲਈ ਮਜਬੂਰ ਹੋਣਗੇ। ਪਟਿਆਲਾ ਜੇਲ੍ਹ ਦੇ ਸੁਪਰਡੈਂਟ ਗੁਰਚਰਨ ਧਾਲੀਵਾਲ ਅਨੁਸਾਰ ਰਾਤ ਤੱਕ 50 ਵਰਕਰ ਰਿਹਾਅ ਕਰ ਦਿੱਤੇ ਗਏ; 10 ਹਾਲੇ ਵੀ ਜੇਲ੍ਹ ’ਚ ਬੰਦ ਹਨ। ਉੱਧਰ, ਹਮਲੇ ਦੌਰਾਨ ਜ਼ਖ਼ਮੀ ਹੋਏ ਥਾਣਾ ਅਰਬਨ ਅਸਟੇਟ ਪਟਿਆਲਾ ਦੇ ਮੁਖੀ ਇੰਸਪੈਕਟਰ ਗੁਰਪ੍ਰੀਤ ਸਮਰਾਓ ਨੇ ਕਿਹਾ ਕਿ ਪੁਲੀਸ ਉੱਪਰ ਬੱਸ ਚੜ੍ਹਾਉਣ ਸਬੰਧੀ ਦਸ ਜਣਿਆਂ ਖ਼ਿਲਾਫ਼ ਇਰਾਦਾ ਕਤਲ ਦਾ ਕੇਸ ਦਰਜ ਹੈ।

# ਯੂਪੀ ਦੇ ਬਲਰਾਮਪੁਰ ਵਿੱਚ ਬੱਸ ਨੂੰ ਲੱਗੀ ਭਿਆਨਕ ਅੱਗ, 3 ਜਿਉਂਦੇ ਸੜੇ

**ਉੱਤਰ ਪ੍ਰਦੇਸ਼ ।** ਉੱਤਰ ਪ੍ਰਦੇਸ਼ ਦੇ ਬਲਰਾਮਪੁਰ ਵਿੱਚ ਇੱਕ ਟਰੱਕ ਨਾਲ ਟਕਰਾਉਣ ਤੋਂ ਬਾਅਦ ਇੱਕ ਬੱਸ ਨੂੰ ਅੱਗ ਲੱਗ ਗਈ। ਤਿੰਨ ਲੋਕ ਜ਼ਿੰਦਾ ਸੜ ਗਏ ਅਤੇ 24 ਹੋਰ ਜ਼ਖਮੀ ਹੋ ਗਏ। ਇਨ੍ਹਾਂ ਵਿੱਚੋਂ ਛੇ ਦੀ ਹਾਲਤ ਗੰਭੀਰ ਹੈ। ਬੱਸ (ਯੂਪੀ 22 ਏਟੀ 0245) ਨੇਪਾਲ ਸਰਹੱਦ ਨੇੜੇ ਸੋਨੌਲੀ ਤੋਂ ਦਿੱਲੀ ਜਾ ਰਹੀ ਸੀ। ਮ੍ਰਿਤਕਾਂ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ। ਬੱਸ ਵਿੱਚ 45 ਯਾਤਰੀ ਸਵਾਰ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੇਪਾਲ ਦੇ ਸਨ। ਡਰਾਈਵਰ ਅਤੇ ਕੰਡਕਟਰ ਵੀ ਲਾਪਤਾ ਹਨ। ਟੱਕਰ ਇੰਨੀ ਭਿਆਨਕ ਸੀ ਕਿ ਬੱਸ ਫਿਸਲ ਗਈ ਅਤੇ 100 ਮੀਟਰ ਦੂਰ ਇੱਕ ਹਾਈ-ਟੈਂਸ਼ਨ ਬਿਜਲੀ ਦੇ ਖੰਭੇ ਨਾਲ ਟਕਰਾ ਗਈ। ਖੰਭਾ ਟੁੱਟ ਗਿਆ ਅਤੇ ਬੱਸ 'ਤੇ ਡਿੱਗ ਗਿਆ, ਜਿਸ ਨਾਲ ਬੱਸ ਬਿਜਲੀ ਨਾਲ ਟਕਰਾ ਗਈ, ਜਿਸ ਨਾਲ ਸ਼ਾਰਟ ਸਰਕਟ ਹੋਇਆ ਅਤੇ ਅੱਗ ਲੱਗ ਗਈ। ਬੱਸ ਅੱਗ ਦੀਆਂ ਲਪਟਾਂ ਵਿੱਚ ਘਿਰ ਗਈ। ਅੰਦਰ ਫਸੇ ਯਾਤਰੀਆਂ ਨੇ ਆਪਣੀ ਜਾਨ ਬਚਾਉਣ ਲਈ ਸ਼ੀਸ਼ੇ ਤੋੜ ਦਿੱਤੇ ਅਤੇ ਬਾਹਰ ਛਾਲ ਮਾਰ ਦਿੱਤੀ। ਮੌਕੇ 'ਤੇ ਚੀਕ-ਚਿਹਾੜਾ ਮਚ ਗਿਆ। ਭੱਜਣ ਵਿੱਚ ਕਾਮਯਾਬ ਹੋਏ ਯਾਤਰੀਆਂ ਨੇ ਪੁਲਿਸ ਨੂੰ ਸੂਚਿਤ ਕੀਤਾ। ਫਾਇਰ ਬ੍ਰਿਗੇਡ ਦੀਆਂ ਟੀਮਾਂ ਵੀ ਮੌਕੇ 'ਤੇ ਪਹੁੰਚੀਆਂ ਅਤੇ ਅੱਗ ਬੁਝਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਉਨ੍ਹਾਂ ਫਸੇ ਯਾਤਰੀਆਂ ਨੂੰ ਬਚਾਇਆ। ਜ਼ਖਮੀਆਂ ਨੂੰ ਤੁਰੰਤ ਐਂਬੂਲੈਂਸ ਰਾਹੀਂ ਹਸਪਤਾਲ ਲਿਜਾਇਆ ਗਿਆ। ਗੰਭੀਰ ਜ਼ਖਮੀਆਂ ਨੂੰ ਬਹਿਰਾਇਚ ਮੈਡੀਕਲ ਕਾਲਜ ਰੈਫਰ ਕਰ ਦਿੱਤਾ ਗਿਆ ਹੈ। ਚਸ਼ਮਦੀਦਾਂ ਨੇ ਦੱਸਿਆ ਕਿ ਜ਼ਿਆਦਾਤਰ ਯਾਤਰੀ ਕਿਸੇ ਤਰ੍ਹਾਂ ਬੱਸ ਵਿੱਚੋਂ ਨਿਕਲਣ ਵਿੱਚ ਕਾਮਯਾਬ ਹੋ ਗਏ, ਪਰ ਕੁਝ ਅੰਦਰ ਹੀ ਫਸੇ ਰਹੇ।

## CHANGE OF NAME

I, Mrs **Vinita** W/O Mr Ravinder Singh whose permanent address in India is Vill. Fazalwal, PO. Bagga, Teh. Shahkot, Jalandhar, Pin: 144702, Punjab, India and is now living at 137 Greville Road Warwick CV34 5PL, UK hereby gives notice of my intention to change my name to **VINITA SHARMA** subject to the approval of The High Commission of India, London.

# ਮੌਸਮ ਵਿਭਾਗ ਵਲੋਂ ਪੰਜਾਬ ਤੇ ਚੰਡੀਗੜ੍ਹ 'ਚ ਸੀਤ ਲਹਿਰ ਦਾ ਯੈਲੋ ਅਲਰਟ ਜਾਰੀ

**ਚੰਡੀਗੜ੍ਹ ।** ਮੌਸਮ ਵਿਭਾਗ ਨੇ ਅਗਲੇ ਤਿੰਨ ਦਿਨਾਂ ਲਈ ਪੰਜਾਬ ਅਤੇ ਚੰਡੀਗੜ੍ਹ ਵਿਚ ਸੀਤ ਲਹਿਰ ਲਈ ਯੈਲੋ ਅਲਰਟ ਜਾਰੀ ਕੀਤਾ ਹੈ । ਕਈ ਇਲਾਕਿਆਂ ਵਿਚ ਧੁੰਦ ਦੀ ਵੀ ਸੰਭਾਵਨਾ ਵੀ ਦਰਸਾਈ ਗਈ ਹੈ । ਪਿਛਲੇ 24 ਘੰਟਿਆਂ ਵਿਚ ਰਾਜ ਦਾ ਘੱਟੋ-ਘੱਟ ਤਾਪਮਾਨ 0.6 ਡਿਗਰੀ ਸੈਲਸੀਅਸ ਵਧਿਆ ਹੈ, ਜਿਸ ਨਾਲ ਤਾਪਮਾਨ ਆਮ ਦੇ ਨੇੜੇ ਆ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਠਾਨਕੋਟ ਅਤੇ ਬਠਿੰਡਾ ਸਭ ਤੋਂ ਠੰਢੇ ਸਥਾਨ ਸਨ ਜਿਥੇ ਘੱਟੋ-ਘੱਟ ਤਾਪਮਾਨ 4.4 ਡਿਗਰੀ ਸੈਲਸੀਅਸ ਸੀ। ਵਿਭਾਗ ਵਲੋਂ ਮੀਂਹ ਦੀ ਕੋਈ ਚਿਤਾਵਨੀ ਨਹੀਂ ਦਿੱਤੀ ਗਈ ਹੈ। ਮੌਸਮ ਵਿਭਾਗ ਦੇ ਅਨੁਸਾਰ ਅੱਜ ਰਾਜ ਭਰ ਵਿਚ ਮੌਸਮ ਖੁਸ਼ਕ ਰਹੇਗਾ। ਫਰੀਦਕੋਟ, ਫ਼ਿਰੋਜ਼ਪੁਰ, ਮੁਕਤਸਰ, ਫ਼ਾਜ਼ਿ-ਲਕਾ, ਮੋਗਾ ਅਤੇ ਜਲੰਧਰ ਦੇ ਕੁਝ ਇਲਾਕਿਆਂ ਵਿਚ ਸੀਤ ਲਹਿਰ ਚੱਲਣ ਦੀ ਉਮੀਦ ਹੈ।



ਆਉਣ ਵਾਲੇ ਦਿਨਾਂ ਵਿਚ ਤਾਪਮਾਨ ਹੋਰ ਘਟ ਸਕਦਾ ਹੈ।

# 3.4 ਕਰੋੜ ਰੁਪਏ ਦਾਨ ਕਰ ਕੇ ਓਡੀਸ਼ਾ ਦੇ ਸੇਵਾਮੁਕਤ ਮਹਿਲਾ ਡਾਕਟਰ ਮਨਾਉਣਗੇ 100ਵਾਂ ਜਨਮ ਦਿਨ

**ਬ੍ਰਹਮਪੁਰ (ਓਡੀਸ਼ਾ):** ਓਡੀਸ਼ਾ ਦੀ ਮਸ਼ਹੂਰ ਡਾਕਟਰ ਕੇ. ਲਕਸ਼ਮੀ ਬਾਈ ਨੇ ਆਪਣੇ 100ਵੇਂ ਜਨਮਦਿਨ ਤੋਂ ਕੁਝ ਦਿਨ ਪਹਿਲਾਂ, ਔਰਤਾਂ ਦੇ ਕੈਂਸਰ ਦੇ ਇਲਾਜ ਲਈ ਆਪਣੀ 3.4 ਕਰੋੜ ਰੁਪਏ ਦੀ ਬਚਤ ਏਮਜ਼ ਭੁਵਨੇਸ਼ਵਰ ਨੂੰ ਦਾਨ ਕੀਤੀ ਹੈ। ਡਾ. ਬਾਈ, ਜੋ 5 ਦਸੰਬਰ ਨੂੰ 100 ਸਾਲ ਦੀ ਹੋਣ ਜਾ ਰਹੀ ਹੈ, ਬ੍ਰਹਮਪੁਰ ਦੇ ਐਮਕੇਸੀਜੀ ਮੈਡੀਕਲ ਕਾਲਜ ਵਿੱਚ ਪ੍ਰਸੂਤੀ ਅਤੇ ਗਾਇਨੀਕੋਲੋਜੀ ਵਿਭਾਗ ਵਿੱਚ ਪ੍ਰੋਫੈਸਰ ਸੀ ਅਤੇ 1986 ਵਿੱਚ ਸੇਵਾਮੁਕਤ ਹੋਈ ਸੀ। ਗਾਇਨੀਕੋਲੋਜਿਸਟ ਡਾ. ਬਾਈ ਨੇ ਕਿਹਾ ਕਿ ਉਸਨੇ ਬਹੁਤ ਸਾਰੀਆਂ ਗਰੀਬ ਔਰਤਾਂ ਨੂੰ ਸਹੀ ਕੈਂਸਰ ਇਲਾਜ ਦੀ ਘਾਟ ਕਾਰਨ ਮਰਦੇ ਦੇਖਿਆ ਹੈ। ਉਸਨੇ ਕਿਹਾ, "ਮੈਨੂੰ ਉਮੀਦ ਹੈ ਕਿ ਮੇਰੇ ਦੁਆਰਾ ਦਾਨ ਕੀਤੇ ਗਏ ਪੈਸੇ ਨੂੰ ਅਜਿਹੀਆਂ ਗਰੀਬ ਅਤੇ ਬੇਸਹਾਰਾ ਔਰਤਾਂ ਦੇ ਭਲੇ ਲਈ ਵਰਤਿਆ ਜਾਵੇਗਾ।" ਏਮਜ਼ ਭੁਵਨੇਸ਼ਵਰ ਦੇ ਪ੍ਰਸੂਤੀ ਅਤੇ ਗਾਇਨੀਕੋਲੋਜੀ ਵਿਭਾਗ ਦੇ ਮੁਖੀ ਡਾ. ਸੌਭਾਗਿਆ ਕੁਮਾਰ ਜੇਨਾ ਨੇ ਸ਼ੁੱਕਰਵਾਰ ਨੂੰ ਚੈੱਕ ਪ੍ਰਾਪਤ ਕਰਨ ਤੋਂ ਬਾਅਦ ਇੱਕ ਪੱਤਰ ਵਿੱਚ ਡਾ. ਲਕਸ਼ਮੀ ਬਾਈ ਦੇ ਨੇਕ ਕਦਮ ਲਈ ਆਪਣੀ "ਪ੍ਰਸ਼ੰਸਾ" ਪ੍ਰਗਟ ਕੀਤੀ। ਬ੍ਰਹਮਪੁਰ ਪ੍ਰਸੂਤੀ ਅਤੇ ਗਾਇਨੀਕੋਲੋਜੀ ਸੋਸਾਇਟੀ ਦੀ ਸਕੱਤਰ ਇੰਦਰਾ ਪਾਲ ਨੇ ਕਿਹਾ ਕਿ ਡਾ. ਬਾਈ ਨੇ ਕਿਸ਼ੋਰ ਲੜਕੀਆਂ ਵਿੱਚ ਕੈਂਸਰ ਟੀਕਾਕਰਨ ਦਾ ਸੁਝਾਅ ਵੀ ਦਿੱਤਾ। ਏਮਜ਼ ਦੇ ਡਾਕਟਰਾਂ ਦੇ ਵੀ ਉਨ੍ਹਾਂ ਦੇ ਕੁਝ ਸਾਬਕਾ ਵਿਦਿਆਰਥੀਆਂ ਦੁਆਰਾ ਆਯੋਜਿਤ ਜਨਮਦਿਨ ਸਮਾਰੋਹ ਵਿੱਚ ਸ਼ਾਮਲ ਹੋਣ ਦੀ ਉਮੀਦ ਹੈ। 5 ਦਸੰਬਰ, 1926 ਨੂੰ ਜਨਮੀ, ਡਾ. ਬਾਈ ਨੇ 1945 ਵਿੱਚ ਐਸਸੀਬੀ ਮੈਡੀਕਲ ਕਾਲਜ, ਕਟਕ ਤੋਂ ਆਪਣਾ ਡਾਕਟਰੀ ਕਰੀਅਰ ਸ਼ੁਰੂ ਕੀਤਾ ਅਤੇ 1958 ਵਿੱਚ ਮਦਰਾਸ ਮੈਡੀਕਲ ਕਾਲਜ ਤੋਂ ਆਪਣੀ ਐਮਡੀ ਦੀ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਦੇ ਪਤੀ ਦੀ ਮੌਤ ਹੋ ਗਈ ਹੈ, ਅਤੇ ਉਨ੍ਹਾਂ ਦੇ ਕੋਈ ਬੱਚੇ ਨਹੀਂ ਹਨ।



Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਸੰਗਰੂਰ ਦਾ ਫ਼ੌਜੀ ਜਵਾਨ ਹਰਜਿੰਦਰ ਸਿੰਘ ਅਸਾਮ 'ਚ ਹੋਇਆ ਸ਼ਹੀਦ

**ਸੰਗਰੂਰ :** ਅਸਾਮ ਵਿਚ ਤਾਇਨਾਤ ਫ਼ੌਜੀ ਹਰਜਿੰਦਰ ਸਿੰਘ (40 ਸਾਲ) ਦੀ ਡਿਊਟੀ ਦੌਰਾਨ ਹਾਰਟ ਅਟੈਕ ਨਾਲ ਮੌਤ ਹੋ ਗਈ । ਅੱਜ ਉਨ੍ਹਾਂ ਦੀ ਮ੍ਰਿਤਕ ਦੇਹ ਸੰਗਰੂਰ ਦੇ ਸ਼ਿਵਮ ਕਾਲੋਨੀ ਸਥਿਤ ਰਿਹਾਇਸ਼ ਵਿਚ ਪਹੁੰਚੀ । ਇਸ ਦੌਰਾਨ ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਹੋ ਗਿਆ। ਪਤਨੀ ਨੇ ਰੋਂਦੇ ਹੋਏ ਆਪਣੇ ਹੱਥਾਂ ਵਿਚ ਤਿਰੰਗਾ ਫੜਿਆ ਹੋਇਆ ਸੀ। ਪਰਿਵਾਰ ਅਤੇ ਇਲਾਕਾ ਵਾਸੀਆਂ ਦੀਆਂ ਅੱਖਾਂ ਨਮ ਹੋ ਗਈਆਂ। ਹਰਜਿੰਦਰ ਸਿੰਘ ਆਪਣੇ ਪਿੱਛੇ ਪਤਨੀ, ਇਕ 12 ਸਾਲ ਦੀ ਬੇਟੀ, ਇਕ 1.5 ਸਾਲ ਦੇ ਬੇਟੇ ਅਤੇ ਵਿਧਵਾ ਮਾਂ ਨੂੰ ਛੱਡ ਗਏ ਹਨ। ਪਰਿਵਾਰ ਅਨੁਸਾਰ, ਹਰਜਿੰਦਰ ਸਿੰਘ ਘਰ ਦਾ ਇਕਲੌਤਾ ਕਮਾਉਣ ਵਾਲਾ ਮੈਂਬਰ ਸੀ। ਉਹ ਚਾਰ ਭੈਣਾਂ ਦਾ ਇਕਲੌਤਾ ਭਰਾ ਸੀ, ਜੋ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਪਰਿਵਾਰ ਦਾ ਸਹਾਰਾ ਬਣਿਆ ਹੋਇਆ ਸੀ। ਗੁਆਂਢੀ ਦੱਸਦੇ ਹਨ ਕਿ ਹਰਜਿੰਦਰ ਹਮੇਸ਼ਾ ਖੁਸ਼ਮਿਜ਼ਾਜ਼ ਅਤੇ ਆਪਣੀ ਡਿਊਟੀ ਪ੍ਰਤੀ ਸਮਰਪਿਤ ਰਹਿੰਦਾ ਸੀ। ਇਸ ਦੌਰਾਨ ਪਰਿਵਾਰ ਨੇ ਨਾਰਾਜ਼ਗੀ ਜਤਾਈ ਹੈ ਕਿ ਸੂਬਾ ਸਰਕਾਰ ਦਾ ਕੋਈ ਵੀ ਅਧਿਕਾਰੀ ਸ਼ਹੀਦ ਫ਼ੌਜੀ ਨੂੰ ਸ਼ਰਧਾਂਜਲੀ ਦੇਣ ਲਈ ਨਹੀਂ ਆਇਆ। ਹਾਲਾਂਕਿ, ਅਸਾਮ ਤੋਂ ਆਏ ਫ਼ੌਜੀ ਸਾਥੀਆਂ ਨੇ ਖ਼ਾਸ ਤੌਰ 'ਤੇ ਸੰਗਰੂਰ ਪਹੁੰਚ ਕੇ ਮ੍ਰਿਤਕ ਹਰਜਿੰਦਰ ਸਿੰਘ ਨੂੰ ਫ਼ੌਜੀ ਸਨਮਾਨਾਂ ਨਾਲ ਸ਼ਰਧਾਂਜਲੀ ਭੇਟ ਕੀਤੀ।



# ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਸ਼੍ਰੀ ਗੰਗਾਨਗਰ 'ਚ ਫੜਿਆ ਗਿਆ ਪਾਕਿਸਤਾਨੀ ਜਾਸੂਸ



**ਰਾਜਸਥਾਨ:** ਰਾਜਸਥਾਨ ਪੁਲਿਸ ਦੇ ਸੀਆਈਡੀ ਇੰਟੈਲੀਜੈਂਸ ਵਿੰਗ ਨੂੰ ਇੱਕ ਵੱਡੀ ਸਫਲਤਾ ਮਿਲੀ ਹੈ। ਸੀਆਈਡੀ ਨੇ ਪੰਜਾਬ ਦੇ ਇੱਕ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਹੈ ਜੋ ਸ਼੍ਰੀ ਗੰਗਾਨਗਰ ਵਿੱਚ ਪਾਕਿਸਤਾਨੀ ਖੁਫੀਆ ਏਜੰਸੀ (ਆਈਐਸਆਈ) ਲਈ ਜਾਸੂਸੀ ਕਰ ਰਿਹਾ ਸੀ।

ਜਾਸੂਸ ਦੀ ਪਛਾਣ ਪ੍ਰਕਾਸ਼ ਸਿੰਘ ਉਰਫ਼ ਬਾਦਲ (34) ਵਜੋਂ ਹੋਈ ਹੈ, ਜੋ ਕਿ ਫਿਰੋਜ਼ਪੁਰ, ਪੰਜਾਬ ਦਾ ਰਹਿਣ ਵਾਲਾ ਹੈ। ਸ਼੍ਰੀ ਗੰਗਾਨਗਰ ਵਿੱਚ ਫੌਜੀ ਖੇਤਰ ਵਿੱਚ ਘੁੰਮਦਾ ਫੜਿਆ ਗਿਆ, ਇਹ ਜਾਸੂਸ ਭਾਰਤੀ ਫੌਜ ਦੀ ਹਰ ਹਰਕਤ 'ਤੇ ਨਜ਼ਰ ਰੱਖ ਰਿਹਾ ਸੀ ਅਤੇ ਪਾਕਿਸਤਾਨ ਨੂੰ ਫੋਟੋਆਂ ਅਤੇ ਵੀਡੀਓ ਭੇਜ ਰਿਹਾ ਸੀ। ਲਗਾਤਾਰ ਆਈਐਸਆਈ ਨੂੰ ਫੌਜ ਨਾਲ ਸਬੰਧਤ ਜਾਣਕਾਰੀ ਭੇਜ ਰਿਹਾ ਸੀ। ਸੀਆਈਡੀ ਇੰਟੈਲੀਜੈਂਸ ਦੇ ਆਈਜੀ ਪ੍ਰਫੁੱਲ ਕੁਮਾਰ ਨੇ ਦੱਸਿਆ ਕਿ ਪ੍ਰਕਾਸ਼ ਸਿੰਘ ਉਰਫ਼ ਬਾਦਲ, ਮੂਲ ਰੂਪ ਵਿੱਚ ਪੰਜਾਬ ਦੇ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਭਾਂਭਾ ਹਾਜੀ ਦਾ ਰਹਿਣ ਵਾਲਾ ਹੈ, ਸੋਸ਼ਲ ਮੀਡੀਆ, ਖਾਸ ਕਰਕੇ ਵਟਸਐਪ ਰਾਹੀਂ ਪਾਕਿ-ਸਤਾਨ ਵਿੱਚ ਸਥਿਤ ਆਈਐਸਆਈ ਹੈਂਡਲਰਾਂ ਨਾਲ ਲਗਾਤਾਰ ਸੰਪਰਕ ਵਿੱਚ ਸੀ। ਇਹ ਨੌਜਵਾਨ ਆਪ੍ਰੇਸ਼ਨ ਸਿੰਦੂਰ ਤੋਂ ਹੀ ਆਈਐਸਆਈ ਦੇ ਸੰਪਰਕ ਵਿੱਚ ਸੀ। ਉਹ ਰਾਜਸਥਾਨ, ਪੰਜਾਬ ਅਤੇ ਗੁਜਰਾਤ ਵਿੱਚ ਫੌਜ ਦੀਆਂ ਗਤੀਵਿਧੀਆਂ, ਵਾਹਨਾਂ ਦੀ ਆਵਾਜਾਈ, ਫੌਜੀ ਠਿਕਾਣਿਆਂ, ਪੁਲਾਂ, ਸੜਕਾਂ, ਸਰਹੱਦ 'ਤੇ ਬਣ ਰਹੀਆਂ ਰੇਲਵੇ ਲਾਈਨਾਂ ਅਤੇ ਨਵੇਂ ਨਿਰਮਾਣ ਕਾਰਜਾਂ ਦੀਆਂ ਫੋਟੋਆਂ ਅਤੇ ਵੀਡੀਓਜ਼ ਕਲਿੱਕ ਕਰਦਾ ਸੀ ਅਤੇ ਉਨ੍ਹਾਂ ਨੂੰ ਪਾਕਿ-ਸਤਾਨ ਭੇਜਦਾ ਸੀ।

# ਜ਼ੀਰਾ 'ਚ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਸੰਗਠਨਾਂ ਵੱਲੋਂ 13 ਸਾਲਾਂ ਬੱਚੀ ਨੂੰ ਇਨਸਾਫ ਦਵਾਉਣ ਲਈ ਕੈਂਡਲ ਮਾਰਚ

ਜਲੰਧਰ ਵਿੱਚ 13 ਸਾਲਾਂ ਦੀ ਮਾਸੂਮ ਬੱਚੀ ਨਾਲ ਜਬਰ-ਜਨਾਹ ਅਤੇ ਕਤਲ ਦਾ ਮਾਮਲਾ, ਮੁਲਜ਼ਮ ਨੂੰ ਫਾਂਸੀ ਦੀ ਮੰਗ

ਜ਼ੀਰਾ: ਪੰਜਾਬ ਵਿੱਚ ਲੜਕੀਆਂ ਦੀ ਸੁਰੱਖਿਆ ਨੂੰ ਲੈ ਕੇ ਮਾਪੇ ਬੇਹੱਦ ਚਿੰਤਤ ਹਨ, ਧੀਆਂ-ਭੈਣਾਂ ਦੀ ਸੁਰੱਖਿਆ ਨੂੰ ਲੈ ਕੇ ਇੱਕ ਵਾਰ ਫਿਰ ਵੱਡਾ ਸਵਾਲ ਖੜ੍ਹਾ ਹੋ ਗਿਆ ਹੈ। ਜਲੰਧਰ ਵਿੱਚ 13 ਸਾਲਾਂ ਮਾਸੂਮ ਬੱਚੀ ਨਾਲ ਵਾਪਰੇ ਜਬਰ-ਜਨਾਹ ਅਤੇ ਕਤਲ ਦੀ ਦਰਦਨਾਕ ਘਟਨਾ ਨੇ ਪੂਰੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ ਹੈ। ਜਿੱਥੇ ਇਸ ਘਿਨਾਉਣੇ ਅਪਰਾਧ ਦੇ ਮੁਲਜ਼ਮ ਨੂੰ ਤੁਰੰਤ ਫਾਂਸੀ ਦੀ ਸਜ਼ਾ ਦੇਣ ਦੀ ਮੰਗ ਤੇਜ਼ ਹੋ ਗਈ ਹੈ, ਲੋਕਾਂ ਦਾ ਗੁੱਸਾ ਸੜਕਾਂ 'ਤੇ ਉੱਤਰ ਆਇਆ ਹੈ। ਜ਼ੀਰਾ ਸ਼ਹਿਰ ਵਿੱਚ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਸੰਗਠਨਾਂ ਵੱਲੋਂ ਅੱਜ ਬੱਚੀ ਨੂੰ ਇਨਸਾਫ ਦਵਾਉਣ ਲਈ ਸ਼ਹਿਰ ਵਿੱਚ ਕੈਂਡਲ ਮਾਰਚ ਕੱਢ ਕੇ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਵਿਰੁੱਧ ਜੰਮ ਕੇ ਨਾਅਰੇਬਾਜੀ ਕੀਤੀ ਗਈ। ਇਹ ਕੈਂਡਲ ਮਾਰਚ ਘੰਟਾ ਘਰ ਮੁੱਖ ਚੌਂਕ ਤੋਂ ਸ਼ੁਰੂ ਹੋ ਕੇ ਕੇ ਸ਼ਹਿਰ ਦੇ ਵੱਖ -ਵੱਖ ਬਜਾਰਾਂ ਵਿੱਚੋਂ ਹੁੰਦਾ ਹੋਇਆ ਸ਼ੇਰਾਂਵਾਲਾ ਚੌਂਕ ਵਿਖੇ ਸਮਾਪਤ ਕੀਤਾ ਗਿਆ। ਇਸ ਮੌਕੇ ਆਗੂਆਂ ਨੇ ਇਸ ਘਟਨਾ ਨੂੰ 'ਇਨਸਾਨੀਅਤ ਲਈ ਸ਼ਰਮ ਦੀ ਗੱਲ' ਦੱਸਿਆ। ਉਨ੍ਹਾਂ ਨੇ ਸਰਕਾਰ ਤੋਂ ਜਬਰ-ਜਨਾਹ ਅਤੇ ਕਤਲ ਦੇ ਮੁਲਜ਼ਮ ਨੂੰ ਫਾਂਸੀ ਦੀ ਸਜਾ ਦੇਣ ਦੀ ਮੰਗ ਕੀਤੀ। ਉਨ੍ਹਾਂ ਪੁਲਿਸ ਦੀ ਕਾਰਵਾਈ 'ਤੇ ਗੰਭੀਰ ਸਵਾਲ ਚੁੱਕਦਿਆਂ ਕਿਹਾ ਕਿ ਇਸ ਮਾਮਲੇ ਨੂੰ ਜਿਸ ਤਰ੍ਹਾਂ ਗੰਭੀਰਤਾ ਨਾਲ ਲੈਣਾ ਚਾਹੀਦਾ ਸੀ, ਉਸ ਤਰੀਕੇ ਨਾਲ ਨਹੀਂ ਲਿਆ ਗਿਆ। ਉਨ੍ਹਾਂ ਕਿਹਾ ਕਿ ਦੋਸ਼ੀ ਨੂੰ ਫਾਂਸੀ ਦੀ ਸਜਾ ਦਵਾ ਕੇ ਲੜਕੀ ਨੂੰ ਇਨਸਾਫ ਦਵਾਇਆ ਜਾਵੇ ਅਤੇ ਪਰਿਵਾਰ ਲਈ ਸੁਰੱਖਿਆ ਦੇ ਪ੍ਰਬੰਧ ਕੀਤੇ ਜਾਣ।



# ਪੰਜਾਬ ਵਿੱਚ ਵਿਗੜਦੀ ਕਾਨੂੰਨ ਵਿਵਸਥਾ ਨੂੰ ਲੈ ਕੇ ਕਾਂਗਰਸ ਨੇ ਮੁੱਖ ਮੰਤਰੀ ਮਾਨ ਤੋਂ ਅਸਤੀਫ਼ੇ ਦੀ ਕੀਤੀ ਮੰਗ

**ਚੰਡੀਗੜ੍ਹ।** ਕਾਂਗਰਸ ਪਾਰਟੀ ਨੇ ਪੰਜਾਬ ਵਿੱਚ ਰੋਜ਼ਾਨਾ ਹੋ ਰਹੀਆਂ ਹੱਤਿਆਵਾਂ ਨੂੰ ਲੈ ਕੇ ਆਮ ਆਦਮੀ ਪਾਰਟੀ (ਆਪ) ਦੀ ਆਲੋਚਨਾ ਕੀਤੀ ਹੈ। ਕਾਂਗਰਸ ਨੇ ਦੋਸ਼ ਲਗਾਇਆ ਕਿ ਪੰਜਾਬ ਵਿੱਚ 'ਆਪ' ਸਰਕਾਰ ਵਿਗੜਦੀ ਕਾਨੂੰਨ ਵਿਵਸਥਾ ਪ੍ਰਤੀ ਗੰਭੀਰ ਨਹੀਂ ਹੈ। ਸੂਬੇ ਵਿੱਚ ਵਧਦੀਆਂ ਗੈਂਗਵਾਰਾਂ, ਕਤਲੇਆਮ, ਡਕੈਤੀਆਂ ਅਤੇ ਅਗਵਾ ਦੀਆਂ ਘਟਨਾਵਾਂ ਨੇ ਪੰਜਾਬ ਦੇ ਲੋਕਾਂ ਨੂੰ ਡਰਾ ਦਿੱਤਾ ਹੈ। ਸਿਰਫ਼ ਵਪਾਰੀ ਅਤੇ ਕਾਰੋਬਾਰੀ ਹੀ ਨਹੀਂ, ਸਗੋਂ ਹਰ ਵਰਗ ਦੇ ਲੋਕ ਡਰੇ ਹੋਏ ਹਨ। ਇੱਕ ਸਾਂਝੇ ਬਿਆਨ ਵਿੱਚ, ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਅਤੇ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ, ਸੇਵਾਮੁਕਤ ਆਈਏਐਸ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ, ਸਾਬਕਾ ਵਿਧਾਇਕ ਸੁਨੀਲ ਦੱਤੀ ਅਤੇ ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ ਨੇ ਪੰਜਾਬ ਵਿੱਚ ਵਿਗੜਦੀ ਕਾਨੂੰਨ ਵਿਵਸਥਾ ਲਈ 'ਆਪ' ਸਰਕਾਰ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਅਤੇ ਘਟਨਾਵਾਂ ਦੀ ਸਖ਼ਤ ਨਿੰਦਾ ਕੀਤੀ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਗੈਂਗਸਟਰਾਂ ਨੂੰ ਖਤਮ ਕਰਨ ਦੀ ਗੱਲ ਕਰਦੇ ਹਨ, ਪਰ ਇਨ੍ਹਾਂ ਘਟਨਾਵਾਂ ਅਤੇ ਕਤਲਾਂ ਨੂੰ ਰੋਕਣ ਵਿੱਚ ਅਸਫਲ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਮੁੱਖ ਮੰਤਰੀ ਮਾਨ ਪੰਜਾਬ ਵਿੱਚ ਕਾਨੂੰਨ ਵਿਵਸਥਾ ਨਹੀਂ ਸੰਭਾਲ ਸਕਦੇ ਤਾਂ ਉਨ੍ਹਾਂ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ। ਇਨ੍ਹਾਂ ਸਾਰੇ ਆਗੂਆਂ ਨੇ ਤਰਨਤਾਰਨ ਦੇ ਭੁੱਲਰ ਪਿੰਡ ਵਿੱਚ ਕਰਿਆਨੇ ਦੇ ਕਾਰੋਬਾਰੀ ਦਲਜੀਤ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਅਤੇ ਗੁਰਦਾਸਪੁਰ ਵਿੱਚ ਕਰਿਆਨੇ ਦੀ ਦੁਕਾਨ 'ਤੇ ਗੋਲੀਬਾਰੀ ਅਤੇ ਲੁੱਟ ਵਰਗੀਆਂ ਘਟਨਾਵਾਂ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਾਲਾਤ ਬਿਹਾਰ ਵਰਗੇ ਰਾਜਾਂ ਵਰਗੇ ਹੁੰਦੇ ਜਾ ਰਹੇ ਹਨ। ਲੁਧਿਆਣਾ ਵਿੱਚ ਇੱਕ ਵਿਆਹ ਵਿੱਚ ਗੈਂਗਸਟਰਾਂ ਵੱਲੋਂ ਗੋਲੀਬਾਰੀ ਕਰਨ ਦੀ ਘਟਨਾ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਵਾਪਰੀ ਹੈ। ਵਿਆਹ ਦੌਰਾਨ ਦੋ ਗੈਂਗਾਂ ਦੇ ਗੈਂਗਸਟਰਾਂ ਨੇ ਇੱਕ ਦੂਜੇ 'ਤੇ ਗੋਲੀਆਂ ਚਲਾਈਆਂ, ਜਿਸ ਨਾਲ ਲਾੜੇ ਦੇ ਦੋਸਤ ਅਤੇ ਮਾਸੀ ਦੀ ਮੌਕੇ 'ਤੇ ਹੀ ਮੌਤ ਹੋ ਗਈ।

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਪਿੰਡ 'ਭਲੂਰ' ਦੀਆਂ ਸੱਥਾਂ 'ਚ ਛਿੜ ਪਏ ਚਰਚੇ ਵੋਟਾਂ ਦੇ ਬਲਾਕ ਸੰਮਤੀ ਦੀਆਂ ਚੋਣਾਂ ਲਈ ਤਿੰਨ ਉਮੀਦਵਾਰ ਹੋਏ ਸਰਗਰਮ

**ਭਲੂਰ (ਬੇਅੰਤ ਗਿੱਲ)** ਹਲਕਾ ਬਾਘਾਪੁਰਾਣਾ ਦੇ ਨਾਮਵਰ ਪਿੰਡ ਭਲੂਰ ਦੀਆਂ ਸੱਥਾਂ 'ਚ ਵੋਟਾਂ ਦੀ ਰੁੱਤ ਮਹਿਕ ਪਈ ਹੈ। ਚੋਣਾਂ ਦਾ ਮੌਸਮ ਨਿਖਰਿਆ ਖੜ੍ਹਾ ਹੈ। ਮਾਹੌਲ ਰੰਗੀਲਾ ਤੇ ਜੋਸ਼ੀਲਾ ਬਣ ਗਿਆ ਹੈ। ਜਿਵੇਂ ਹੀ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਦਾ ਐਲਾਨ ਹੋਇਆ ਤਾਂ ਉਕਤ ਪਿੰਡ ਅੰਦਰ ਵੋਟਾਂ ਨੂੰ ਲੈ ਕੇ ਸਰਗਰਮੀਆਂ ਤੇਜ਼ ਤੇ ਤਿੱਖੀਆਂ ਹੋ ਗਈਆਂ ਹਨ। ਸਿਆਸੀ ਜੋੜ ਤੋੜ ਲੱਗਣੇ ਸ਼ੁਰੂ ਹੋ ਗਏ ਹਨ। ਦੱਸ ਦੇਈਏ ਕਿ ਆਮ ਆਦਮੀ ਪਾਰਟੀ ਵੱਲੋਂ ਬਲਾਕ ਸੰਮਤੀ ਲਈ ਸਰਦਾਰ ਨੱਥਾ ਸਿੰਘ ਬਰਾੜ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ। ਇੱਥੇ ਵਿਸ਼ੇਸ਼ ਤੌਰ 'ਤੇ ਪਹੁੰਚੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੀ ਹਾਜ਼ਰੀ ਵਿੱਚ ਪਿੰਡ ਵਾਸੀਆਂ ਅਤੇ ਮੌਜੂਦਾ ਪੰਚਾਇਤ ਵੱਲੋਂ ਸਰਦਾਰ ਨੱਥਾ ਸਿੰਘ ਬਰਾੜ ਦਾ ਜ਼ਿਕਰ ਛਿੜਿਆ ਤਾਂ ਸਭ ਨੇ ਇੱਕੋ ਆਵਾਜ਼ ਵਿਚ ਉਹਨਾਂ ਨੂੰ ਜਿਤਾਉਣ ਲਈ ਇੱਕਮੁੱਠਤਾ ਜਤਾਈ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਸਰਦਾਰ ਸ਼ੇਰ ਸਿੰਘ ਬਰਾੜ ਦਾ ਨਾਂਅ ਸਾਹਮਣੇ ਆਇਆ ਹੈ, ਉਸਨੂੰ ਜਿਤਾਉਣ ਲਈ ਅਕਾਲੀਆਂ ਨੇ ਤਿਆਰੀ ਖਿੱਚ ਰੱਖੀ ਹੈ। ਦੂਜੇ ਪਾਸੇ ਸਰਦਾਰ ਜਸਵੀਰ ਸਿੰਘ ਕੰਡਾ ਆਜ਼ਾਦ ਉਮੀਦਵਾਰ ਵਜੋਂ ਬਲਾਕ ਸੰਮਤੀ ਲਈ ਪੂਰੀ ਸਰਗਰਮੀ ਨਾਲ ਅਖਾੜੇ 'ਚ ਥਾਪੀਆਂ ਮਾਰ ਰਹੇ ਹਨ । ਹੁਣ ਵੇਖਣਾ ਇਹ



ਹੋਵੇਗਾ ਕਿ ਇਸ ਸਿਆਸੀ ਅਖਾੜੇ ਵਿੱਚ ਕਿਹੜਾ ਪਹਿਲਵਾਨ ਨਿੱਤਰਦਾ ਹੈ। ਜ਼ਿਕਰਯੋਗ ਹੈ ਕਿ ਪਿੰਡ ਭਲੂਰ ਵਿੱਚ ਨੌਜਵਾਨ ਸਰਪੰਚ ਅਰਸ਼ਵਿੰਦਰ ਸਿੰਘ ਵਿਰਕ ਦੀ ਅਗਵਾਈ ਵਿੱਚ ਕਾਫੀ ਵੱਡੇ ਪੱਧਰ 'ਤੇ ਕੰਮਕਾਜ ਹੋਏ ਤੇ ਹੋ ਰਹੇ ਹਨ। ਉਸਦਾ ਕਹਿਣਾ ਹੈ ਕਿ ਉਹ ਪਿੰਡ ਦਾ ਸਰਪੰਚ ਬਣਕੇ ਨਹੀਂ, ਬਲਕਿ ਪਿੰਡ ਦਾ ਪੁੱਤ ਬਣਕੇ ਪਿੰਡ ਦੀ ਸੇਵਾ ਕਰ ਰਿਹਾ ਹੈ। ਇਸ ਲਈ ਉਹ ਆਪਣੇ ਪਿੰਡ ਵਾਸੀਆਂ ਤੋਂ ਸੇਵਾਦਾਰ ਬਣਕੇ ਸ. ਨੱਥਾ ਸਿੰਘ ਬਰਾੜ ਲਈ ਵੋਟਾਂ ਮੰਗੇਗਾ। ਇੱਥੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਤਰਫੋਂ ਮੈਦਾਨ ਵਿਚ ਨਿੱਤਰੇ ਸਰਦਾਰ ਸ਼ੇਰ ਸਿੰਘ ਬਰਾੜ ਦੀ ਗੱਲ ਕਰੀਏ ਤਾਂ ਉਹ ਪਿਛਲੇ ਲੰਬੇ ਸਮੇਂ ਤੋਂ ਪਾਰਟੀ 'ਚ ਕੰਮ ਕਰ ਰਹੇ ਹਨ। ਇੱਥੇ ਅਕਾਲੀ ਦਲ ਦੇ ਸੀਨੀਅਰ ਆਗੂ ਸਰਦਾਰ ਸੁਖਮੰਦਰ ਸਿੰਘ ਬਰਾੜ ਹੋਰਾਂ ਦਾ ਚੰਗਾ ਅਸਰ ਰਸੂਖ ਹੈ ਅਤੇ ਉਹ ਨੌਜਵਾਨ ਸ਼ੇਰ ਸਿੰਘ ਬਰਾੜ ਨੂੰ ਜਿਤਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਉਣਗੇ। ਸ਼ੇਰ ਸਿੰਘ ਬਰਾੜ ਵੱਲੋਂ ਨਾਮਜ਼ਦਗੀ ਕਾਗਜ਼ ਦਾਖਲ ਕਰ ਦਿੱਤੇ ਗਏ ਹਨ। ਪਿੰਡ ਭਲੂਰ ਤੋਂ ਬਲਾਕ ਸੰਮਤੀ ਲਈ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਨੌਜਵਾਨ ਜਸਵੀਰ ਸਿੰਘ ਕੰਡਾ ਦੇ ਪਰਿਵਾਰ ਦਾ ਵੀ ਲੋਕਾਂ ਨਾਲ ਨਿੱਘਾ ਮਿਲਵਰਤਣ ਹੈ। ਉਹ ਪਿੰਡ ਵਾਸੀਆਂ ਦੇ ਹਰ ਦੁੱਖ ਸੁੱਖ ਲਈ ਨਾਲ ਖੜ੍ਹਦੇ ਹਨ। ਜਸਵੀਰ ਸਿੰਘ ਕੰਡਾ ਖੁਦ ਲੋਕਾਂ ਨਾਲ ਤਾਲਮੇਲ ਬਣਾ ਕੇ ਵਿਚਰ ਰਹੇ ਹਨ। ਭਾਵੇਂ ਇਸ ਇਸ ਨੌਜਵਾਨ ਦਾ ਕੋਈ ਸਿਆਸੀ ਪਿਛੋਕੜ ਨਹੀਂ ਹੈ, ਪਰ ਉਹ ਪਿੰਡ ਲਈ ਖੁੱਲ੍ਹ ਦਿਲੀ ਨਾਲ ਕੰਮ ਕਰਨ ਦਾ ਵੱਲ ਚੰਗੀ ਤਰ੍ਹਾਂ ਜਾਣਦਾ ਹੈ। ਉਹ ਪਹਿਲਾਂ ਪੰਚਾਇਤ ਮੈਂਬਰ ਵਜੋਂ ਚੋਣਾਂ ਲੜ ਚੁੱਕਾ ਹੈ, ਇਸ ਲਈ ਉਸ ਕੋਲ ਸਿਆਸੀ ਜੋੜ ਤੋੜ ਕਰਨ ਦਾ ਚੱਜ ਵੀ ਹੈ। ਉਸਦੇ ਵੀ ਨਾਮਜ਼ਦਗੀ ਕਾਗਜ਼ ਭਰੇ ਜਾ ਚੁੱਕੇ ਹਨ। ਉਕਤ ਤਿੰਨੇ ਉਮੀਦਵਾਰਾਂ ਵਿੱਚੋਂ ਸ਼ੇਰ ਸਿੰਘ ਬਰਾੜ ਅਤੇ ਨੱਥਾ ਸਿੰਘ ਬਰਾੜ ਪਹਿਲੀ ਵਾਰ ਚੋਣਾਂ ਲੜ ਰਹੇ ਹਨ। ਸੋ ਇਸ ਤਰ੍ਹਾਂ ਪਿੰਡ ਵਿੱਚ ਸਿਆਸੀ ਹਿਲਜੁੱਲ ਜ਼ੋਰਾਂ 'ਤੇ ਹੈ। ਇਹਨਾਂ ਤਿੰਨਾਂ ਉਮੀਦਵਾਰਾਂ ਨੂੰ ਲੈ ਕੇ ਪਿੰਡ ਦੀਆਂ ਸੱਥਾਂ 'ਚ ਚਰਚੇ ਛਿੜੇ ਹੋਏ ਹਨ। ਇੱਥੇ ਇਕ ਗੱਲ ਹੋਰ ਵੀ ਦੱਸ ਦੇਈਏ ਕਿ ਅੱਜ ਇੱਥੋਂ ਕੋਈ ਨਵਾਂ ਨਾਂਅ ਵੀ ਚੋਣ ਮੈਦਾਨ ਲਈ ਸਾਹਮਣੇ ਆ ਸਕਦਾ ਹੈ। ਉਹ ਭਵਿੱਖ ਨਿਤਾਰਾ ਕਰੇਗਾ।

# ਡੀ ਐਸ ਪੀ ਸੁਖਪਾਲ ਸਿੰਘ ਨੇ ਸ਼ਾਹਕੋਟ ਵਿਖੇ ਚਾਰਜ ਸੰਭਾਲਿਆ, ਮਾੜੇ ਅਨਸਰਾਂ ਨੂੰ ਦਿੱਤੀ ਸਖਤ ਚਿਤਾਵਨੀ

**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)–** ਨਕੋਦਰ ਤੋਂ ਤਬਦੀਲ ਹੋ ਕੇ ਆਏ ਮਾਣਯੋਗ ਡੀ ਐਸ ਪੀ ਸੁਖਪਾਲ ਸਿੰਘ ਨੇ ਸ਼ਾਹਕੋਟ ਵਿਖੇ ਬਤੌਰ ਡੀ ਐਸ ਪੀ ਵੱਲੋਂ ਚਾਰਜ ਸੰਭਾਲ ਲਿਆ ਹੈ। ਇਸ ਮੌਕੇ ਇਲਾਕੇ ਦੇ ਪੱਤਰਕਾਰ ਭਾਈਚਾਰੇ ਨਾਲ ਅਹਿਮ ਮੀਟਿੰਗ ਨੂੰ ਸੰਬੋਧਨ ਕਰਦਿਆਂ ਡੀ ਐਸ ਪੀ ਸੁਖਪਾਲ ਸਿੰਘ ਨੇ ਜਿਥੇ ਇਲਾਕੇ ਦੇ ਮਾੜੇ ਅਨਸਰਾਂ ਨੂੰ ਸਖਤ ਸ਼ਬਦਾਂ ਵਿੱਚ ਕਨੂੰਨ ਵਿਰੋਧੀ ਗਤੀਵਿਧੀਆਂ ਤੋਂ ਬਾਜ਼ ਆਉਣ ਲਈ ਚਿਤਾਵਨੀ ਦਿੱਤੀ ਉਥੇ ਡੀ ਐਸ ਪੀ ਵੱਲੋਂ ਪ੍ਰੈਸ ਨੂੰ ਪੂਰਨ ਸਹਿਯੋਗ ਕਰਨ ਦੀ ਅਪੀਲ ਵੀ ਕੀਤੀ ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਅਮਨ ਕਾਨੂੰਨ ਅਤੇ ਸ਼ਾਂਤੀ ਬਹਾਲੀ ਉਨ੍ਹਾਂ ਦਾ ਮੁੱਢਲਾ ਫਰਜ਼ ਹੈ। ਉਨ੍ਹਾਂ ਕਿਹਾ ਰੋਡ ਤੇ ਨਜਾਇਜ਼ ਕਬਜ਼ੇ ਨਾ ਕੀਤੇ ਜਾਣ ਇਸ ਨਾਲ ਅਵਾਜਾਈ ਪ੍ਰਭਾਵਿਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਗੁੰਡਾ ਅਨਸਰ, ਚੋਰ, ਅਤੇ ਨਸ਼ੇ ਦੇ ਸੋਦਾਗਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨੋਜਵਾਨਾਂ ਨੂੰ ਖੇਡਾਂ ਵੱਲ ਧਿਆਨ ਦੇਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਵੱਲੋਂ ਪੰਜਾਬ ਸਰਕਾਰ ਵੱਲੋਂ ਅਰੰਭੇ ਯੁਧ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ ਨੂੰ ਪਿੰਡ ਪਿੰਡ ਕਰਵਾਉਣ ਅਤੇ ਸਫਲ ਬਣਾਉਣ ਲਈ ਇਲਾਕੇ ਦੇ ਮੋਹਤਬਰਾਂ ਸਮੇਤ ਪਬਲਿਕ ਨੂੰ ਵੀ ਪੁਲਿਸ ਦਾ ਸਹਿਯੋਗ ਦੇਣ ਦੀ ਅਪੀਲ ਕੀਤੀ ਉਨ੍ਹਾਂ ਕਿਹਾ ਕਿ ਇਲਾਕਾ ਨਿਵਾਸੀਆਂ ਲਈ ਉਨ੍ਹਾਂ ਦੇ ਦਫ਼ਤਰ ਦੇ ਦਰਵਾਜ਼ੇ ਹਮੇਸ਼ਾ ਖੁੱਲੇ ਹਨ। ਇਸ ਮੌਕੇ ਤੇ ਮੌਜੂਦ ਪੱਤਰਕਾਰ ਭਾਈਚਾਰੇ ਵੱਲੋਂ ਵੀ ਪਬਲਿਕ ਦੀ ਭਲਾਈ ਲਈ ਪੁਲਿਸ ਨੂੰ ਬਣਦਾ ਸਹਿਯੋਗ ਦੇਣ ਲਈ ਮਾਣਯੋਗ ਡੀ ਐਸ ਪੀ ਨੂੰ ਵਿਸ਼ਵਾਸ ਦਿਵਾਇਆ।



# ਸੰਤ ਬਾਬਾ ਨਾਹਰ ਸਿੰਘ ਜੀ ਸਨੇਰਾ ਵਾਲਿਆਂ ਦੀ 17ਵੀਂ ਸਲਾਨਾ ਬਰਸੀ ਸਬੰਧੀ ਸਮਾਗਮ ਸੰਪੰਨ

**ਲੈਸਟਰ (ਇੰਗਲੈਂਡ)** (ਸੁਖਜਿੰਦਰ ਸਿੰਘ ਢੱਡੇ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾ ਅਤੇ ਮਹਾਨ ਸਿੱਖ ਪਰੰਪਰਾ ਨੂੰ ਸਮਰਪਿਤ ਸੰਤ ਬਾਬਾ ਨਹਾਰ ਸਿੰਘ ਜੀ ਦੇ ਸਨੇਰਾ ਵਾਲਿਆ ਦੀ 17ਵੀ ਸਲਾਨਾ ਬਰਸੀ ਸਮਾਗਮ ਗੁਰੂਦੁਆਰਾ ਬਾਬੇ ਕੇ ਹੇਕਲੀ ਸੋਹੇ ਹਿਲ ਇੰਗਲੈਂਡ ਵਿੱਖੇ 26ਨਵੰਬਰ ਤੋ ਸ਼ੁਰੂ ਹੋਕੇ 1 ਦਸੰਬਰ ਤੱਕ ਕਰਵਾਏ ਗਏ। ਇਸ ਮੌਕੇ ਤੇ ਵੱਡੀ ਗਿਣਤੀ ਵਿੱਚ ਸੰਤ ਮਹਾਪੁਰਸ਼ਾ ਨੇ ਆਪਣੀ ਹਾਜਰੀ ਭਰੀ,ਇਸ ਮੌਕੇ ਤੇ ਸੰਤ ਬਾਬਾ ਸੁਖਜੀਤ ਸਿੰਘ ਸੀਚੇਵਾਲ, ਸੰਤ ਬਾਬਾ ਹਰਜੀਤ ਸਿੰਘ ਮਹਿਤਾ ਚੌਂਕ ਵਾਲੇ, ਭਾਈ ਜਸ਼ਨਪ੍ਰੀਤ ਸਿੰਘ, ਭਾਈ ਨਿਰਮਲ ਸਿੰਘ ਨੇ ਵੀ ਹਾਜ਼ਰੀ ਭਰੀ। ਇਨਾ ਸਮਾਗਮਾਂ ਚ ਵਿਸ਼ੇਸ਼ ਤੌਰ ਤੇ ਪੁੱਜੇ ਪ੍ਰਸਿੱਧ ਪੰਜਾਬੀ ਗਾਇਕ ਸੁਖਸ਼ਿੰਦਰ ਸ਼ਿੰਦਾ ਅਤੇ ਭਾਈ ਮਨਿੰਦਰ ਸਿੰਘ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਤ ਬਾਬਾ ਸੁਖਜੀਤ ਸਿੰਘ ਸੀਚੇਵਾਲ



ਸੰਤ ਬਾਬਾ ਸੁਖਜੀਤ ਸਿੰਘ ਸੀਚੇਵਾਲ ਅਤੇ ਪ੍ਰਸਿੱਧ ਪੰਜਾਬੀ ਗਾਇਕ ਸੁਖਸ਼ਿੰਦਰ ਸ਼ਿੰਦਾ ਨੂੰ ਸਨਮਾਨਿਤ ਕਰਦੇ ਹੋਏ ਰਣਜੀਤ ਸਿੰਘ ਰਾਣਾ ਤੇ ਜਸਵਿੰਦਰ ਸਿੰਘ ਕਾਲਾ।

ਤੇ ਜਸਵਿੰਦਰ ਸਿੰਘ ਕਾਲਾ ਯੂ ਕੇ ਮਨਜੀਤ ਸਿੰਘ ਭੁੱਗਲ ਐਡਵੋਕੇਟ ਵੀ ਹਾਜ਼ਰ ਸਨ। ਇਸ ਮੌਕੇ ਤੇ ਸੁਖਜਿੰਦਰ ਸਿੰਘ ਸੁੱਖੀ ਰਾਗੀ, ਗਿਆਨੀ ਜੁਝਾਰ ਸਿੰਘ, ਹਰਪ੍ਰੀਤ ਸਿੰਘ ਜੱਡੂ , ਰਸ਼ਪਾਲ ਸਿੰਘ, ਹਰਪਾਲ ਸਿੰਘ, ਮਨਤੇਜ ਸਿੰਘ, ਸੱਗੂ ਸਮੇਤ ਹੋਰ ਬਹੁਤ ਸਾਰੇ ਜਥਿਆਂ ਨੇ ਸੰਗਤਾਂ ਨੂੰ ਕਥਾ ਕੀਰਤਨ ਰਾਹੀਂ ਸ ਨਿਹਾਲ ਕੀਤਾ । ਇਸ ਮੌਕੇ ਤੇ ਗੁਰਮੀਤ ਸਿੰਘ ਸੈਂਤੀ, ਬਲਕਾਰ ਸਿੰਘ ਗੋਪੀ, ਅਮਗੇਰ ਸਿੰਘ ਮੀਤਾ, ਨਗਿੰਦਰ ਸਿੰਘ ਧੰਜਲ ਨੇ ਵੀ ਸੰਗਤਾਂ ਚ ਹਾਜ਼ਿਰ ਹੋ ਕੇ ਹੱਥੀ ਸੇਵਾ ਕੀਤੀ। ਇਸ ਮੌਕੇ ਤੇ ਲੰਗਰ ਦੀ ਸੇਵਾ ਬੀਬੀ ਨਿਦਰ ਕੌਰ, ਬੀਬੀ ਜਸਬੀਰ ਕੌਰ, ਬੀਬੀ ਨਿਰੰਜਣ ਕੌਰ, ਬੀਬੀ ਨਗਿੰਦਰ ਕੌਰ ਤੋ ਇਲਾਵਾ ਹੋਰ ਵੀ ਬਹੁਤ ਸਾਰੀਆਂ ਬੀਬੀਆ ਨੇ ਨਿਭਾਈ। ਸਟੇਜ ਦੀ ਸੇਵਾ ਜਸਵਿੰਦਰ ਸਿੰਘ ਕਾਲਾ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ। ਇਸ ਮੌਕੇ ਤੇ ਗੁਰੂ ਕਾ ਅਟੁਟ ਲੰਗਰ ਵੀ ਵਰਤਾਇਆ ਗਿਆ।ਸੰਗਤ ਨੇ ਬਾਬਾ ਜੀ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਅਰਦਾਸ ਕੀਤੀ ਕੇ ਸਭ ਉੱਤੇ ਅਪਾਰ ਕਿਰਪਾ ਬਣੀ ਰਹੇ ਅਤੇ ਸਮਾਜ ਵਿੱਚ ਪਿਆਰ ਤੇ ਏਕਤਾ ਵਧਦੀ ਰਹੇ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਗੁਰੂ ਗੋਬਿੰਦ ਸਿੰਘ ਹਾਕੀ ਚੈਂਪੀਅਨਸ਼ਿਪ 2025

## ਕੁੜੀਆਂ ਵਿੱਚ ਮੁੰਡੀਆਂ ਕਲਾਂ ਅਤੇ ਅਮਰਗੜ੍ਹ ਵਿਚਕਾਰ ਹੋਵੇਗਾ ਫਾਈਨਲ

### ਮੁੰਡਿਆਂ ਵਿੱਚ ਜਰਖੜ ਅਕੈਡਮੀ, ਕਿਲ੍ਹਾ ਰਾਇਪੁਰ, ਹੇਰਾਂ ਅਤੇ ਏਕ ਨੂਰ ਅਕੈਡਮੀ ਤੇਹਿੰਗ ਸੈਮੀ ਫਾਈਨਲ ਵਿੱਚ ਪੁੱਜੇ









**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਵੱਲੋਂ 9ਵੀਂ ਗੁਰੂ ਗੋਬਿੰਦ ਸਿੰਘ ਹਾਕੀ ਚੈਂਪੀਅਨਸ਼ਿਪ ਜੋ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਸਟੇਡੀਅਮ ਪੀ.ਏ.ਯੂ. ਲੁਧਿਆਣਾ ਵਿਖੇ ਚੱਲ ਰਹੀ ਹੈ । ਦੂਜੇ ਦਿਨ ਜਿੱਥੇ ਕੁੜੀਆਂ ਦੇ ਵਰਗ ਵਿੱਚ ਮੁੰਡੀਆਂ ਕਲਾਂ ਹਾਕੀ ਸੈਂਟਰ ਅਤੇ ਅਮਰਗੜ੍ਹ ਨੇ ਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ ਹੈ ਉੱਥੇ ਮੁੰਡਿਆਂ ਦੇ ਅੰਡਰ 17 ਸਾਲ ਵਰਗ ਵਿੱਚ ਜਰਖੜ ਹਾਕੀ ਅਕੈਡਮੀ, ਕਿਲਾ ਰਾਏਪੁਰ, ਹੇਰਾਂ ਅਤੇ ਏਕ ਨੂਰ ਅਕੈਡਮੀ ਤੇਹਿੰਗ ਨੇ ਸੈਮੀ ਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ ਹੈ। ਮੁੰਡਿਆਂ ਦੇ ਵਰਗ ਵਿੱਚ ਅੱਜ ਜਰਖੜ ਹਾਕੀ ਅਕੈਡਮੀ ਨੇ ਮਾਲਵਾ ਹਾਕੀ ਅਕੈਡਮੀ ਨੂੰ 3-1ਗੋਲਾਂ ਨਾਲ ਜਦਕਿ ਕਿਲਾ ਰਾਏਪੁਰ ਹਾਕੀ ਸੈਂਟਰ ਨੇ ਘਵੱਦੀ ਸਕੂਲ ਨੂੰ 2-0 ਗੋਲਾਂ ਨਾਲ ਹਰਾ ਕੇ ਸੈਮੀਫਾਈਨਲ ਵਿੱਚ ਪ੍ਰਵੇਸ਼ ਪਾਇਆ । ਦੂਜੇ ਗਰੁੱਪ ਵਿੱਚ ਏਕ ਨੂਰ ਅਕੈਡਮੀ ਤੇਹਿੰਗ ਨੇ ਗੁਰੂ ਤੇਗ ਬਹਾਦਰ ਹਾਕੀ ਅਕੈਡਮੀ ਚਚਰਾੜੀ ਨੂੰ 4-1 ਗੋਲਾਂ ਨਾਲ ਹਰਾਇਆ। ਜਦ ਕਿ ਬਾਬਾ ਕਿਰਪਾਲ ਦਾਸ ਅਕੈਡਮੀ ਹੇਰਾਂ ਆਪਣਾ ਆਖਰੀ ਮੈਚ ਹਾਰਨ ਦੇ ਬਾਵਜੂਦ ਵੀ ਸੈਮੀ ਫਾਈਨਲ ਵਿੱਚ ਪਹੁੰਚ ਗਈ ਹੈ। ਆਖਰੀ ਲੀਗ ਮੈਚ ਚਚਰਾੜੀ ਨੇ ਹੇਰਾਂ ਨੂੰ 3-0 ਗੋਲਾਂ ਨਾਲ ਹਰਾਇਆ ਪਰ ਗੋਲ ਔਸਤ ਅਧਾਰ ਤੇ ਹੇਰਾਂ ਨੂੰ ਆਖਰੀ ਚਾਰਾਂ ਵਿੱਚ ਜਗ੍ਹਾ ਮਿਲੀ। ਕੁੜੀਆਂ ਦੇ ਵਰਗ ਵਿੱਚ ਮੁੰਡੀਆਂ ਕਲਾਂ ਹਾਕੀ ਸੈਂਟਰ ਨੇ ਡੀ.ਏ.ਵੀ ਸਕੂ਼ਲ ਨੂੰ 3-0 ਗੋਲਾਂ ਨਾਲ ਹਰਾਇਆ। ਇਸ ਮੌਕੇ ਸੰਸਥਾ ਦੇ ਪ੍ਰਧਾਨ ਅਮਰੀਕ ਸਿੰਘ ਮਿਨਹਾਸ ਅਤੇ ਸਕੱਤਰ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ । ਅੱਜ ਦੇ ਦੂਜੇ ਦਿਨ ਓਲੰਪੀਅਨ ਹਰਦੀਪ ਸਿੰਘ ਗਰੇਵਾਲ ਪ੍ਰਧਾਨ ਲੁਧਿਆਣਾ ਹਾਕੀ ਨੇ ਜਿੱਥੇ ਮੁੱਖ ਮਹਿਮਾਨ ਵਜੋਂ ਟੀਮਾਂ ਦੇ ਨਾਲ ਜਾਣ ਪਹਿਚਾਣ ਕੀਤੀ ਉੱਥੇ ਉਹਨਾਂ ਨੇ ਸਬ ਜੂਨੀਅਰ ਬੱਚਿਆਂ ਨੂੰ ਹਾਕੀ ਦੀਆਂ ਬਰੀਕੀਆਂ ਤੇ ਗੁਣ ਵੀ ਦੱਸੇ । ਅੱਜ ਦੇ ਮੈਚਾਂ ਦੌਰਾਨ ਗੁਰਦੀਪ ਸਿੰਘ ਗਰੇਵਾਲ ਜ਼ਿਲ੍ਹਾ ਖੇਡ ਅਫਸਰ ਫਿਰੋਜ਼ਪੁਰ, ਸੁਖਮੋਹਿੰਦਰ ਸਿੰਘ ਰਿਟਾਇਰਡ ਆਈਪੀਐਸ, ਰਛਪਾਲ ਸਿੰਘ ਨਾਗੀ ਸਾਬਕਾ ਕੌਮੀ ਹਾਕੀ ਖਿਡਾਰੀ ਬਿਜਲੀ ਬੋਰਡ, ਕਰਨਲ ਜੁਗਰਾਜ ਸਿੰਘ ਸਿੱਧੂ, ਵਰੁਨਜੀਤ ਸਿੰਘ ਅਮਰੀਕਾ, ਜਸਪਾਲ ਸਿੰਘ ਟੱਕਰ ਨੇ ਵਿਸ਼ੇਸ ਮਹਿਮਾਨ ਵਜੋਂ ਵੱਖ-ਵੱਖ ਟੀਮਾਂ ਦੇ ਨਾਲ ਜਾਣ ਪਹਿਚਾਣ ਕੀਤੀ।

ਇਸ ਮੌਕੇ ਹਰਮਿੰਦਰ ਸਿੰਘ ਅਰੋੜਾ, ਡਾਕਟਰ ਜਸਜੀਤ ਸਿੰਘ ਕੰਗ, ਸੁਖਵਿੰਦਰ ਸਿੰਘ ਸਾਬਕਾ ਸੁਪਰਡੈਂਟ ਸਿਹਤ ਵਿਭਾਗ, ਮਹਿੰਦਰ ਸਿੰਘ ਗਿੱਲ, ਉੱਤਮ ਦੇਵ ਸਿੰਘ ਗੋਲਡੀ, ਭੁਪਿੰਦਰ ਸਿੰਘ ਭੋਲਾ ਹੈਬੋਵਾਲ, ਸਕਿੰਦਰ ਸਿੰਘ ਕੁਲਦੀਪ, ਹੁਕਮ ਸਿੰਘ ਗੁਰੂ ਨਾਨਕ ਕਾਰ ਬਜਾਰ, ਪ੍ਰੋਫੈਸਰ ਰਜਿੰਦਰ ਸਿੰਘ ਖਾਲਸਾ ਕਾਲਜ, ਤਜਿੰਦਰ ਸਿੰਘ ਲਾਡੀ ਡਾਇਰੈਕਟਰ ਟੂਰਨਾਮੈਂਟ, ਗੁਰਸਤਿੰਦਰ ਸਿੰਘ ਪ੍ਰਗਟ, ਲਖਵਿੰਦਰ ਸਿੰਘ ਲੱਖਾ, ਗੁਰਸੇਵਕ ਸਿੰਘ ਘਵੱਦੀ, ਕਰਨਲ ਜੀ.ਐਸ. ਗਿੱਲ, ਅਨਿਲ ਸ਼ਰਮਾ, ਨੀਲੂ ਅਤੇ ਖੇਡ ਜਗਤ ਦੀਆਂ ਹੋਰ ਉੱਘੀਆਂ ਸਖਸ਼ੀਅਤਾਂ ਹਾਜ਼ਰ ਸਨ। ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ 9ਵੀਂ ਗੁਰੂ ਗੋਬਿੰਦ ਸਿੰਘ ਹਾਕੀ ਦੇ ਚੈਂਪੀਅਨਸ਼ਿਪ ਦੇ ਸੈਮੀਫਾਈਨਲ ਅਤੇ ਫਾਈਨਲ ਮੁਕਾਬਲੇ ਅੱਜ 3 ਦਸੰਬਰ ਨੂੰ ਹੋਣਗੇ । ਇਸ ਮੌਕੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ, ਚੇਅਰਮੈਨ ਸ਼ਰਨਪ੍ਰੀਤ ਸਿੰਘ ਮੱਕੜ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕਰਨਗੇ। ਜਦਕਿ ਡਰੈਗਨ ਭੰਗੜਾ ਅਕੈਡਮੀ ਵੱਲੋਂ ਸੱਭਿਆਚਾਰ ਗੀਤਾਂ ਤੇ ਕੋਰੀਉ ਗਰਾਫੀ ਕੀਤੀ ਜਾਵੇਗੀ।

## ਜਿਹੜੀਆਂ ਤਕਨੀਕਾਂ ਅਸੀਂ ਆਪਣੀ ਸਿੱਖਿਆ ਪ੍ਰਣਾਲੀ 'ਚ ਲਿਆਵਾਂਗੇ ਉਹ ਬੱਚਿਆਂ 'ਚ ਨਵੀਂ ਊਰਜਾ ਦਾ ਸੰਚਾਰ ਕਰਨਗੀਆਂ-ਰਚਨਾ ਪੁਰੀ

**ਕਪੂਰਥਲਾ, ( ਕੌੜਾ )**-ਵਿਸ਼ਵ ਪੱਧਰ 'ਤੇ ਫਿਨਲੈਂਡ ਦੇਸ਼ ਦਾ ਸਿੱਖਿਆ ਮਾਡਲ ਪਹਿਲੇ ਸਥਾਨ 'ਤੇ ਆਉਂਦਾ ਹੈ ਅਤੇ ਉੱਥੋਂ ਦੇ ਲੋਕ ਸਭ ਤੋਂ ਜ਼ਿਆਦਾ ਖ਼ੁਸ਼ਹਾਲ ਜੀਵਨ ਬਤੀਤ ਕਰਦੇ ਹਨ ਅਤੇ ਗਲੋਬਲ ਪ੍ਰਾਇਮਰੀ ਐਜੂਕੇਸ਼ਨ ਵਿਚ ਯੂਰਪ ਦੇ ਦੇਸ਼ ਫਿਨਲੈਂਡ ਦਾ ਵਿਸ਼ੇਸ਼ ਅਸਥਾਨ ਹੈ ਅਤੇ ਇੱਥੋਂ ਦਾ ਅਰਲੀ ਚਾਈਲਡ ਕੇਅਰ ਐਜੂਕੇਸ਼ਨ ਮਾਡਲ ਪੂਰੀ ਦੁਨੀਆ ਵਿਚ ਸਫਲਤਾ ਪੂਰਵਕ ਮੰਨਿਆ ਜਾਂਦਾ ਹੈ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਰਚਨਾ ਪੁਰੀ ਈ.ਟੀ.ਟੀ. ਅਧਿਆਪਕਾਂ ਸਰਕਾਰੀ ਐਲੀਮੈਂਟਰੀ ਸਕੂਲ ਸ਼ੇਖੂਪੁਰ ਜੋ ਪਿਛਲੇ ਦਿਨੀਂ ਫਿਨਲੈਂਡ ਦੀ ਯੂਨੀਵਰਸਿਟੀ ਆਫ਼ ਟੂਰਕੂ ਵਿਚ ਸਿੱਖਿਆ ਵਿਭਾਗ ਦੇ 72 ਅਧਿਆਪਕਾਂ ਨਾਲ ਟੀਚਰ ਟਰੇਨਿੰਗ ਪ੍ਰੋਗਰਾਮ ਸ਼ਮੂਲੀਅਤ ਕਰਕੇ ਆਏ ਹਨ, ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ । ਉਨ੍ਹਾਂ ਕਿਹਾ ਕਿ ਇਸ ਟਰੇਨਿੰਗ ਪ੍ਰੋਗਰਾਮ ਦੌਰਾਨ ਗਿਆਨ ਦੇ ਅਦਾਨ ਪ੍ਰਦਾਨ ਵਿਚ ਉਹ ਜੋ ਸਿਖਲਾਈ ਪ੍ਰਾਪਤ ਕਰਕੇ ਆਏ ਹਨ, ਉਹ ਆਪਣੇ ਜ਼ਿਲ੍ਹੇ ਦੇ ਸਕੂਲਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਤਕਨੀਕਾਂ ਤੋਂ ਜਾਣੂ ਕਰਵਾਉਣਗੇ । ਉਨ੍ਹਾਂ ਕਿਹਾ ਕਿ ਫਿਨਲੈਂਡ ਦੇ ਸਿੱਖਿਆ ਮਾਡਲ ਵਿਚ ਜਿਹੜੀਆਂ ਤਕਨੀਕਾਂ ਦੀ ਉਹ ਵਰਤੋਂ ਕਰਦੇ ਹਨ, ਉਨ੍ਹਾਂ ਤਕਨੀਕਾਂ ਤੋਂ ਜਾਣੂ ਹੋਣ ਲਈ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵਲੋਂ ਉਨ੍ਹਾਂ ਨੂੰ ਇਸ ਟਰੇਨਿੰਗ ਲਈ ਭੇਜਿਆ ਗਿਆ ਸੀ ਤੇ ਅਸੀਂ ਉੱਥੇ ਕੁੱਝ ਨਿਵੇਕਲਾ ਸਿੱਖਿਆ ਤੇ ਨਵੀਆਂ ਤਕਨੀਕਾਂ ਜਿਹੜੀਆਂ ਅਸੀਂ ਆਪਣੀ ਸਿੱਖਿਆ ਪ੍ਰਣਾਲੀ ਵਿਚ ਵਰਤੋਂ ਵਿਚ ਲਿਆਵਾਂਗੇ, ਉਹ ਵਿਦਿਆਰਥੀਆਂ ਅੰਦਰ ਨਵੀਂ ਊਰਜਾ ਦਾ ਸੰਚਾਰ ਪੈਦਾ ਕਰਨਗੀਆਂ । ਰਚਨਾ ਪੁਰੀ ਨੇ ਕਿਹਾ ਕਿ ਉੱਥੇ ਜਿਹੜੀ ਤਕਨਾਲੋਜੀ ਹੈ, ਸਾਡੇ ਨਾਲੋਂ ਕੁੱਝ ਬਿਹਤਰ ਹੈ, ਪਰ ਜੇ ਅਸੀਂ ਇੱਥੇ ਝਾਤ ਮਾਰੀਏ ਤਾਂ ਸਾਡੇ ਦੇਸ਼ ਵਿਚ ਕੁਦਰਤੀ ਸਾਧਨਾਂ ਦੀ ਕੋਈ ਕਮੀ ਨਹੀਂ ਹੈ । ਜਿਹੜੇ ਸਾਧਨ ਸਾਡੇ ਕੋਲ ਮੌਜੂਦ ਹਨ, ਜੇ ਅਸੀਂ ਉਨ੍ਹਾਂ ਦੀ ਸੁਚਾਰੂ ਤਰੀਕੇ ਨਾਲ ਵਰਤੋਂ ਕਰੀਏ ਤਾਂ ਅਸੀਂ ਸਿੱਖਿਆ ਖੇਤਰ ਵਿਚ ਹੋਰ ਬਿਹਤਰ ਕਾਰਗੁਜ਼ਾਰੀ ਦਿਖਾ ਸਕਦੇ ਹਾਂ । ਉਨ੍ਹਾਂ ਇਸ ਸਿੱਖਿਆ ਟਰੇਨਿੰਗ ਪ੍ਰੋਗਰਾਮ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਮਮਤਾ ਬਜਾਜ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡਾ. ਬਲਵਿੰਦਰ ਸਿੰਘ ਬੱਟੂ, ਰਜੇਸ਼ ਕੁਮਾਰ ਬੀ.ਪੀ.ਈ.ਓ. ਕਪੂਰਥਲਾ-1 ਅਤੇ ਸੈਂਟਰ ਹੈੱਡ ਟੀਚਰ ਸ਼ੇਖੂਪੁਰ ਜੈਮਲ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਉੱਚ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਅਤੇ ਯੋਗ ਅਗਵਾਈ ਅਧੀਨ ਹੀ ਉਹ ਇਸ ਟਰੇਨਿੰਗ ਪ੍ਰੋਗਰਾਮ ਵਿਚ ਸ਼ਾਮਲ ਹੋ ਸਕੇ ਹਨ ।



# ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਵਿਖੇ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਤੋਂ ਬਦੇਸ਼ਾ, ਜੰਡਾਲੀ ਅਤੇ ਢਿੱਲੋਂ "ਸ਼ਬਦ ਪ੍ਰਕਾਸ਼ ਅਜਾਇਬ ਘਰ" ਦੇ ਦਰਸ਼ਨ ਕਰਨ ਲਈ ਆਏ

## ਬਾਵਾ ਵੱਲੋਂ ਰੂਪੀ ਢਿੱਲੋਂ ਇੰਗਲੈਂਡ (ਯੂ.ਕੇ) ਦੀ ਅੰਤਰਰਾਸ਼ਟਰੀ ਫਾਊਂਡੇਸ਼ਨ ਦੀ ਚੇਅਰਪਰਸਨ ਨਿਯੁਕਤ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)**-ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਵਿਖੇ "ਸ਼ਬਦ ਪ੍ਰਕਾਸ਼ ਅਜਾਇਬ ਘਰ" ਦੇ ਦਰਸ਼ਨ ਕਰਨ ਲਈ ਪਰਿਵਾਰ ਸਮੇਤ ਰਾਜਭਿੰਦਰ ਸਿੰਘ ਬਦੇਸ਼ਾ ਅਮਰੀਕਾ, ਹਰਬੰਸ ਸਿੰਘ ਜੰਡਾਲੀ ਕੈਨੇਡਾ, ਉੱਘੀ ਆਰਟਿਸਟ ਅਤੇ ਸਮਾਜਸੇਵਿਕਾ ਰੂਪੀ ਢਿੱਲੋਂ ਇੰਗਲੈਂਡ ਤੋਂ ਵਿਸ਼ੇਸ਼ ਰੂਪ ਵਿੱਚ ਪਹੁੰਚੇ। ਇਸ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਸਰਪ੍ਰਸਤ ਮਲਕੀਤ ਸਿੰਘ ਦਾਖਾ, ਸੂਬਾ ਪ੍ਰਧਾਨ ਕਰਨੈਲ ਸਿੰਘ ਗਿੱਲ, ਵਾਈਸ ਪ੍ਰਧਾਨ ਅੰਤਰਰਾਸ਼ਟਰੀ ਫਾਊਂਡੇਸ਼ਨ ਜਸਵੰਤ ਸਿੰਘ ਛਾਪਾ, ਰਤਨ ਸਿੰਘ ਕਮਾਲਪੁਰੀ, ਡਾ: ਜਗਤਾਰ ਸਿੰਘ ਧੀਮਾਨ ਸਰਪ੍ਰਸਤ ਫਾਊਂਡੇਸ਼ਨ, ਅਸ਼ਵਨੀ ਬਾਵਾ, ਹਰਜੋਤ ਕੌਰ ਮਾਨ, ਜਗਜੀਵਨ ਸਿੰਘ ਗ਼ਰੀਬ, ਹਰਦੀਪ ਸਿੰਘ ਗਰਚਾ, ਨਵਜੋਤ ਕੌਰ ਮਾਨ, ਬਿੱਟੂ ਬਾਵਾ, ਸੁਰਿੰਦਰ ਭਲਵਾਨ ਰਕਬਾ ਨੇ ਆਈਆਂ ਸ਼ਖਸ਼ੀਅਤਾਂ ਨੂੰ "ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ" ਪੁਸਤਕ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਸਮੇਂ ਬਾਵਾ ਨੇ ਦੱਸਿਆ ਕਿ ਹਰਬੰਸ ਸਿੰਘ ਜੰਡਾਲੀ ਦੀ ਬੇਟੀ





ਰੂਪੀ ਸਹੋਤਾ ਕੈਨੇਡਾ ਸਰਕਾਰ ਵਿੱਚ ਮੰਤਰੀ ਹਨ ਅਤੇ ਫਾਊਂਡੇਸ਼ਨ ਵੱਲੋਂ ਅਗਸਤ ਮਹੀਨੇ ਵਿੱਚ ਬਰੈਮਟਨ ਵਿਖੇ ਦਲਵੀਰ ਸਿੰਘ ਕਥੂਰੀਆ ਦੀ ਰਹਿਨੁਮਾਈ ਹੇਠ ਪੁਸਤਕ ਰਿਲੀਜ਼ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਰੂਪ ਵਿੱਚ ਆਏ ਸਨ। ਇਸ ਸਮੇਂ ਉਪਰੋਕਤ ਪ੍ਰਵਾਸੀ ਪੰਜਾਬੀ ਪਰਿਵਾਰਾਂ ਨੇ ਕਿਹਾ ਕਿ ਰਕਬਾ ਭਵਨ ਆ ਕੇ ਸਾਨੂੰ ਸਾਡੇ ਗੌਰਵਮਈ ਇਤਿਹਾਸ ਬਾਰੇ ਜੋ ਵਡਮੁੱਲੀ ਜਾਣਕਾਰੀ ਮਿਲਦੀ ਹੈ, ਉਹ ਬੇਮਿਸਾਲ ਹੈ। ਉਹਨਾਂ ਦੇਸ਼ ਵਿਦੇਸ਼ ਵਿੱਚ ਬਾਵਾ ਵੱਲੋਂ ਇਤਿਹਾਸ ਦੀ ਕੀਤੀ ਜਾ ਰਹੀ ਸੇਵਾ ਦੀ ਭਰਪੂਰ ਸ਼ਲਾਘਾ ਕੀਤੀ। ਇਸ ਸਮੇਂ ਰੂਪੀ ਢਿੱਲੋਂ ਨੇ ਇੰਗਲੈਂਡ ਵਿੱਚ ਬਾਵਾ ਅਤੇ ਛਾਪਾ ਨੂੰ ਆਉਣ ਦਾ ਸੱਦਾ ਦਿੱਤਾ। ਇਸ ਸਮੇਂ ਬਾਵਾ ਨੇ ਉਹਨਾਂ ਨੂੰ ਇੰਗਲੈਂਡ (ਯੂ.ਕੇ) ਦੀ ਅੰਤਰਰਾਸ਼ਟਰੀ ਫਾਊਂਡੇਸ਼ਨ ਦੀ ਚੇਅਰਪਰਸਨ ਬਣਾਉਣ ਦਾ ਐਲਾਨ ਕੀਤਾ।

# ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦਾ ਇਕਾਈ ਮਹਿਤਪੁਰ ਦਾ ਇਜਲਾਸ ਪਿੰਡ ਉਧੋਵਾਲ ਵਿਖੇ ਸੰਪੰਨ ਹੋਇਆ

**ਮਹਿਤਪੁਰ ( ਹਰਜਿੰਦਰ ਸਿੰਘ ਚੰਦੀ)-** ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਮਹਿਤਪੁਰ ਏਰੀਆ ਕਮੇਟੀ ਦਾ ਅਜਲਾਸ ਪਿੰਡ ਉਧੋਵਾਲ ਵਿਖੇ ਸੰਪੰਨ ਹੋਇਆ ।ਜਿਸ ਵਿੱਚ ਇਲਾਕੇ ਦੇ ਵੱਖ ਵੱਖ ਪਿੰਡਾਂ ਤੋਂ ਚੁਣੇ ਹੋਏ ਡੈਲੀਗੇਟ ਨੇ ਹਿੱਸਾ ਲਿਆ ਯੂਨੀਅਨ ਦੇ ਪ੍ਰਧਾਨ ਵਿਜੇ ਬਾਠ ਵੱਲੋਂ ਯੂਨੀਅਨ ਦਾ ਝੰਡਾ ਚੜਾਉਣ ਤੋਂ ਬਾਅਦ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਦਿੱਤੀ ਗਈ। ਡੈਲੀਗੇਟ ਅਜਲਾਸ ਦੀ ਸ਼ੁਰੂਆਤ ਬਿਨਾ ਕੁਮਾਰੀ ਸਿੱਧੂ ਯਾਦਗਾਰੀ ਹਾਲ ਵਿੱਚ ਸ਼ੁਰੂਆਤ ਪ੍ਰਧਾਨਗੀ ਮੰਡਲ ਦੀ ਪ੍ਰਧਾਨਗੀ ਹੇਠ ਵਿੱਚ ਵਿਜੇ ਬਾਠ,ਕਸ਼ਮੀਰ ਮਡਿਆਲਾ, ਬਖਸ਼ੋ ਕਰਸ਼ੈਦਪੁਰ, ਸੋਮਾ ਰਾਣੀ, ਮਨੋਹਰ ਕੁਮਾਰ ਦੀ ਪ੍ਰਧਾਨਗੀ ਸ਼ੁਰੂਆਤ ਕੀਤੀ ਗਈ।ਇਸ ਮੌਕੇ ਇਸਤਰੀ ਜਾਗਰਿਤੀ ਮੰਚ ਦੀ ਆਗੂ ਅਨੀਤਾ ਸੰਧੂ ਅਤੇ ਨੌਜਵਾਨ ਭਾਰਤ ਸਭਾ ਦੇ ਪ੍ਰਧਾਨ ਸੁਖਦੇਵ ਮੰਡਿਆਲਾ ਨੇ ਭਰਾਤਰੀ ਸੰਦੇਸ਼ ਦਿੱਤਾ। ਯੂਨੀਅਨ ਦੇ ਏਰੀਆ ਸਕੱਤਰ ਕਸ਼ਮੀਰ ਮੰਡਿਆਲਾ ਵੱਲੋਂ ਇਲਾਕੇ ਵਿੱਚ ਯੂਨੀਅਨ ਦੀਆਂ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ ਗਈ। ਇਸ ਵਿੱਚ ਯੂਨੀਅਨ ਵੱਲੋਂ ਲੜੇ ਗਏ ਘੋਲਾਂ ਉਤੇ ਵਿਸਥਾਰ ਸਾਹਿਤ ਚਰਚਾ ਕਰਦਿਆਂ ਡੈਲੀਗੇਟਾਂ ਨੇ ਕਿਹਾ ਕਿ ਸਾਨੂੰ ਵਿਅਕਤੀਗਤ ਮਾਮਲਿਆਂ ਨੂੰ ਲੈਂਦਿਆਂ ਆਪਣਾ ਵੱਧ ਜ਼ੋਰ ਸਮੂਹ ਮਸਲਿਆਂ ਤੇ ਵੱਧ ਦੇਣਾ ਚਾਹੀਦਾ ਹੈ। ਡੈਲੀਗੇਟਾਂ ਨੇ ਜ਼ੋਰਦਾਰ ਢੰਗ ਨਾਲ ਇਹ ਮਾਮਲਾ ਉਠਾਇਆ ਕਿ ਮੌਜੂਦਾ ਸਰਕਾਰ ਪਿਛਲੀਆਂ ਸਰਕਾਰਾਂ ਵਾਂਗ ਹੀ ਵਾਦਿਆਂ ਦੀ ਥਾਂ ਗਰੰਟੀਆਂ ਦੇ ਨਾਂ ਤੇ ਪਿਛਲੇ ਚਾਰ ਸਾਲਾਂ ਤੋਂ ਮਜ਼ਦੂਰਾਂ ਨੂੰ ਬੇਵਕੂਫ ਬਣਾ ਰਹੀ ਹੈ। ਬੇਸ਼ੱਕ ਨਰੇਗਾ ਮਨਰੇਗਾ ਚ' 100 ਦਿਨ ਦੀ ਥਾਂ 150 ਦਿਨ ਕਰ ਦਿੱਤਾ ਗਿਆ ਹੈ। ਪਰ ਲਗਭਗ ਸਾਰੇ ਵੱਡੇ ਪ੍ਰੋਜੈਕਟ ਬੰਦ ਕਰ ਦਿੱਤੇ ਗਏ ਹਨ। ਜਿਸ ਨਾਲ ਪਿੰਡਾਂ ਵਿੱਚ ਸਾਰੇ ਬੇਰੁਜ਼ਗ-



ਾਰ ਲੋਕਾਂ ਦੀ ਥਾਂ ਸਿਰਫ ਚੰਦ ਲੋਕਾਂ ਨੂੰ ਹੀ ਕੰਮ ਦਿੱਤਾ ਜਾ ਰਿਹਾ। ਉਹਨਾਂ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਹਾੜ ਦੌਰਾਨ ਮਨਰੇਗਾ ਮਜ਼ਦੂਰਾਂ ਕੋਲੋਂ ਬੰਨ ਨੂੰ ਮਜਬੂਤ ਕਰਨ ਲਈ ਰੇਤ ਦੇ ਬੋਰੇ ਭਰਵਾਉਣ ਦਾ ਕੰਮ ਲੈ ਕੇ ਪਿਛਲੇ ਕਈ ਮਹੀਨਿਆਂ ਤੋਂ ਉਨਾਂ ਦਾ ਮਿਹਨਤਾਂਨਾ ਦੱਬੀ ਬੈਠਾ ਹੈ।ਘਰੇਲੂ ਬਿਜਲੀ ਮਾਫੀ ਦੀ ਜਗ੍ਹਾ ਮਜ਼ਦੂਰਾਂ ਨੂੰ ਹਜ਼ਾਰਾਂ ਰੁਪਏ ਦੇ ਬਿੱਲ ਭੇਜੇ ਜਾ ਰਹੇ ਹਨ। ਨਾ ਤਾਂ ਮਜ਼ਦੂਰਾਂ ਨੂੰ ਪੰਜ ਪੰਜ ਮਰਲੇ ਦੇ ਪਲਾਟ ਅਤੇ ਨਾ ਹੀ ਦਲਿਤਾਂ ਨੂੰ ਤੀਜੇ ਹਿੱਸੇ ਪੰਚਾਇਤੀ ਜਮੀਨ ਖੇਤੀ ਲਈ ਦਿੱਤੀ ਜਾ ਰਹੀ ਹੈ। ਹਾੜਾਂ ਅਤੇ ਬਾਰਿਸ਼ਾਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਵਿੱਚ ਵੱਡੇ ਪੱਧਰ ਤੇ ਰਾਜਨੀਤੀ ਕੀਤੀ ਜਾ ਰਹੀ ਹੈ। ਡੈਲੀਗੇਟਾਂ ਦੇ ਸੁਝਾਅ ਤੋਂ ਬਾਅਦ ਰਿਪੋਰਟ ਸਰਬ ਸੰਮਤੀ ਨਾਲ ਪਾਸ ਕਰ ਦਿੱਤੀ ਗਈ।ਇਸ ਮੌਕੇ ਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਮਜ਼ਦੂਰਾਂ ਨੂੰ ਸੱਦਾ ਦਿੱਤਾ ਕਿ ਕੇਂਦਰ ਤੇ ਸੂਬਾ ਸਰਕਾਰ ਵੱਲੋਂ ਪਾਸ ਕੀਤੇ ਜਾ ਰਹੇ ਮਜ਼ਦੂਰ ਅਤੇ ਲੋਕ ਵਿਰੋਧੀ ਕਾਨੂੰਨਾਂ ਨੂੰ ਪਿਛਲ ਮੋੜਾ ਦੇਣ ਲਈ ਸਾਂਝੇ ਸੰਘਰਸ਼ਾਂ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ। ਇਸ ਮੌਕੇ ਦੇ ਉੱਪਰ ਮਨਜੀਤ ਕੌਰ ਨੂੰ ਮਜ਼ਦੂਰਾਂ ਅਤੇ ਕਿਸਾਨ ਜਥੇਬੰਦੀਆਂ ਨੂੰ ਦਿੱਤੇ ਗਏ ਸਹਿਯੋਗ ਲਈ ਸਨਮਾਨਿਤ ਕੀਤਾ ਗਿਆ। ਹਾਜ਼ਰ ਡੈਲੀਗੇਟਾਂ ਵੱਲੋਂ ਸਰਬ ਸੰਮਤੀ ਨਾਲ ਵਿਜੇ ਬਾਠ ਨੂੰ ਪ੍ਰਧਾਨ, ਬਖਸ਼ੋ ਖਰਸੈਦਪੁਰ ਵਾਈਸ ਪ੍ਰਧਾਨ, ਕਸ਼ਮੀਰ ਮੰਡਿਆਲਾ ਨੂੰ ਸਕੱਤਰ, ਹਰਵਿੰਦਰ ਕੌਰ ਨੂੰ ਕੈਸ਼ੀਅਰ, ਪੂਜਾ ਨੂੰ ਪ੍ਰੈਸ ਸਕੱਤਰ, ਰਸ਼ਪਾਲ, ਸੋਮਾ ਰਾਣੀ, ਹੈਪੀ ਬੀੜ ਬਲੋਂਕੀ, ਬਖਸ਼ੋ ਮੁੰਡਿਆਲਾ, ਜਸਵਿੰਦਰ ਕੌਰ, ਪਿੰਕੀ ਨੂੰ ਏਰੀਆ ਕਮੇਟੀ ਮੈਂਬਰ ਚੁਣਿਆ ਗਿਆ । ਅਜਲਾਸ ਵਿੱਚ ਜਲੰਧਰ ਡੈਲੀਗੇਟ ਅਜਲਾਸ ਲਈ ਮੈਂਬਰਾਂ ਦੀ ਚੋਣ ਤੋਂ ਬਾਅਦ ਸ਼ੁਰੂ ਹੋਣ ਜਾ ਰਹੇ ਨਵੇਂ ਸਾਲ ਵਿੱਚ ਨਵੀਆਂ ਉਮੀਦਾਂ ਨਾਲ ਅਜਲਾਸ ਸੰਪੰਨ ਹੋਇਆ।ਜਗ੍ਹਾ ਵਿੱਚ ਲੜੇ ਗਏ ਘੋਲ ਅਤੇ ਸਰਗਰਮੀਆਂ ਦੀ ਲਿਖਤੀ ਰਿਪੋਰਟ ਡੈਲੀਗੇਟਾਂ ਅੱਗੇ ਪੇਸ਼ ਕੀਤੀ ਗਈ। ਜਿਸ ਵਿੱਚ ਵੱਖ-ਵੱਖ ਡੈਲੀਗੇਟਾਂ ਨੇ ਚਰਚਾ ਕਰਦਿਆਂ ਕਈ ਸਵਾਲ ਉਠਾਏ ਯੂਨੀਅਨ ਦੇ ਆਗੂਆਂ ਨੇ ਦਿੱਤੇ ਗਏ ਸੁਝਾਵਾਂ ਨੂੰ ਰਿਪੋਰਟ ਦਾ ਹਿੱਸਾ ਬਣਾਉਣ ਤੋਂ ਬਾਅਦ ਇਜਲਾਸ ਵਿੱਚ ਹਾਜ਼ਰ ਡੈਲੀਗੇਟਾਂ ਨੂੰ ਸਰਬ ਸੰਮਤੀ ਨਾਲ ਰਿਪੋਰਟ ਪਾਸ ਕਰ ਦਿਤੀ। ਹਾਜ਼ਰ ਡੈਲੀਗੇਟਾਂ ਵੱਲੋਂ ਮੌਕੇ ਤੇ ਪੇਸ਼ ਕੀਤੀ ਗਈ ਨਵੀਂ ਏਰੀਆ ਕਮੇਟੀ ਦੇ ਪੈਨਲ ਨੂੰ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਜਿਸ ਵਿੱਚ ਏਰੀਆ ਕਮੇਟੀ ਦੇ ਪ੍ਰਧਾਨ ਵਿਜੇ ਬਾਠ , ਏਰੀਆ ਸਕੱਤਰ ਕਸ਼ਮੀਰ ਮੰਡਿਆਲਾ, ਵਾਈਸ ਪ੍ਰਧਾਨ ਬਖਸ਼ੋ ਕਰਸ਼ੈਦਪੁਰ , ਹਰਵਿੰਦਰ ਕੌਰ , ਰਸਪਾਲ ਏਰੀਆ ਕਮੇਟੀ ਮੈਂਬਰ ਚੁਣਿਆ ਗਿਆ।

# ਸ਼੍ਰੀਮਤੀ ਅੰਜੂ ਸਿੰਗਲਾ ਮੈਮੋਰੀਅਲ ਸਲਾਨਾ ਸਪੋਰਟਸ ਮੀਟ ਦੀ ਹੋਈ ਸ਼ੁਰੂਆਤ

ਭੀਖੀ ( ਕਮਲ ਜਿੰਦਲ) ਸਿਲਵਰ ਵਾਟੀਕਾ ਪਬਲਿਕ ਸਕੂਲ ਸਮਾਓ ਵਿੱਚ ਸ਼੍ਰੀਮਤੀ ਅੰਜੂ ਸਿੰਗਲਾ ਮੈਮੋਰੀਅਲ ਸਲਾਨਾ ਸਪੋਰਟਸ ਮੀਟ ਪਹਿਲੇ ਦਿਨ ਸਵੇਰੇ 9:30 ਵਜੇ ਤੋਂ 3:00 ਵਜੇ ਤੱਕ ਚੱਲੀ । ਮੁੱਖ ਮਹਿਮਾਨ ਸਰਦਾਰ ਬੂਟਾ ਸਿੰਘ ਗਿੱਲ ਡੀ.ਐਸ.ਪੀ ਮਾਨਸਾ ਵੱਲੋਂ ਸਪੋਰਟਸ ਮੀਟ ਸ਼ੁਰੂ ਕਰਵਾਈ ਗਈ । ਇਹ ਸਪੋਰਟਸ ਮੀਟ ਤਿੰਨ ਦਿਨ ਚੱਲੇਗੀ ਜਿਸ ਵਿੱਚ ਪਹਿਲੇ ਤਿੰਨ ਦਿਨ ਦੌੜਾਂ, ਗੋਲਾ ਸੁੱਟਣ, ਲੰਮੀ ਛਾਲ ਰਿਲੇ, ਰੱਸਾ ਕੱਸੀ ਅਤੇ ਕਬੱਡੀ ਵਰਗੀਆਂ ਖੇਡਾਂ ਕਰਵਾਈਆਂ ਗਈਆਂ । ਇਸ ਸਪੋਰਟਸ ਮੀਟ ਵਿੱਚ ਚਾਰ ਹਾਊਸ ।ਰਾਵੀ,ਸਤਲੁਜ ,ਗੋਦਾਵਰੀ ਅਤੇ ਯਮੁਨਾ॥ ਦੇ ਵਿਦਿਆਰਥੀਆਂ ਵਿੱਚ ਮੁਕਾਬਲਾ ਹੋਇਆ । ਜਿਸ ਵਿੱਚ ਹਰਮਨਪ੍ਰੀਤ ਸਿੰਘ (ਗੋਲਾ ਸੁੱਟਣ ),ਅਰਮਾਨਪ੍ਰੀਤ ਸਿੰਘ (ਲੰਮੀ ਛਾਲ ),ਹੁਸਨਪ੍ਰੀਤ ਕੌਰ (ਗੋਲਾਸੁੱਟਣ ),



ਪ੍ਰਭਜੋਤ ਸਿੰਘ ( ਦੌੜ) ਅਤੇ ਪਵਨਦੀਪ ਕੌਰ (ਗੋਲਾ ਸੁੱਟਣ )ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਮੁੱਖ ਮਹਿਮਾਨ ਡੀ.ਐਸ.ਪੀ ਸਰਦਾਰ ਬੂਟਾ ਸਿੰਘ ਨੇ ਕਿਹਾ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਉਤਸਾਹਿਤ ਕੀਤਾ ਜਾ ਰਿਹਾ ਹੈ । ਖੇਡਾਂ ਨਾਲ ਬੱਚੇ ਨਸ਼ਿਆਂ ਤੋਂ ਦੂਰ ਰਹਿ ਸਕਦੇ ਹਨ। ਉਨਾਂ ਨੇ ਸਕੂਲ ਬੱਚਿਆਂ ਦੇ ਮਾਪਿਆਂ ਨੂੰ ਕਿਹਾ ਕਿ ਬੱਚਿਆਂ ਨੂੰ ਖੇਡਾਂ ਨਾਲ ਜੋੜਿਆ ਜਾਵੇ ਜਿਸ ਨਾਲ ਬੱਚੇ ਨਸ਼ਿਆਂ ਤੋਂ ਦੂਰ ਰਹਿ ਸਕਣ। ਸਕੂਲ ਚੇਅਰਮੈਨ ਰਿਸ਼ਵ ਸਿੰਗਲਾ ਅਤੇ ਨਮਨ ਸਿੰਘਲਾ ਜੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਕਿਰਨ ਰਤਨ ਅਤੇ ਸਮੂਹ ਸਟਾਫ਼ ਹਾਜਿਰ ਰਹੇ।

# ਸਿਰਜਣਾ ਕੇਂਦਰ ਅਤੇ ਭਾਸ਼ਾ ਵਿਭਾਗ ਵੱਲੋਂ ਜ਼ਿਲ੍ਹਾ ਪੱਧਰੀ ਕਵੀ-ਦਰਬਾਰ ਕਰਵਾਇਆ ਗਿਆ

## ਵਡਮੁੱਲੇ ਯੋਗਦਾਨ ਸਦਕਾ ਅਹਿਮ ਸ਼ਖ਼ਸੀਅਤਾਂ ਦਾ ਕੀਤਾ ਗਿਆ ਵਿਸ਼ੇਸ਼ ਸਨਮਾਨ

**ਕਪੂਰਥਲਾ, ( ਕੌੜਾ )**-ਪੰਜਾਬ ਸਰਕਾਰ ਦੀ ਰਹਿਨੁਮਾਈ ਅਤੇ ਅਤੇ ਭਾਸ਼ਾ ਵਿਭਾਗ ਪੰਜਾਬ ਦੀ ਯੋਗ ਅਗਵਾਈ ਹੇਠ ਵੱਖ-ਵੱਖ ਜ਼ਿਲ੍ਹਿਆਂ ਦੇ ਜ਼ਿਲ੍ਹਾ ਭਾਸ਼ਾ ਦਫ਼ਤਰਾਂ ਵੱਲੋਂ ਪੰਜਾਬੀ ਮਾਹ ਨੂੰ ਸਮਰਪਿਤ ਵੱਖ-ਵੱਖ ਸਾਹਿਤਿਕ,ਸਿਰਜਣਾਤਮਕ ਅਤੇ ਕਲਾਤਮਕ ਗਤੀਵਿਧੀਆਂ ਕਰਵਾਈਆਂ ਗਈਆਂ। ਜਿਸ ਦੇ ਤਹਿਤ ਜ਼ਿਲ੍ਹਾ ਭਾਸ਼ਾ ਦਫ਼ਤਰ ਕਪੂਰਥਲਾ ਵੱਲੋਂ ਵੀ ਇਲਾਕੇ ਦੀ ਹੀ ਸਿਰਮੌਰ ਸਾਹਿਤਿਕ ਸੰਸਥਾ ਸਿਰਜਣਾ ਕੇਂਦਰ (ਰਜਿ.) ਕਪੂਰਥਲਾ ਦੇ ਸਹਿਯੋਗ ਨਾਲ ਦਫਤਰ ਵਿਰਸਾ ਵਿਹਾਰ ਵਿਖੇ ਇੱਕ "ਸਿਰਜਣਾ ਦੇ ਪਾਂਧੀ" ਕਾਵਿ ਮਹਿਫ਼ਿਲ ਦਾ ਆਯੋਜਨ ਕੀਤਾ ਗਿਆ। ਇਸ ਕਾਵਿ ਮਹਿਫ਼ਿਲ ਵਿੱਚ ਵੱਖ-ਵੱਖ ਨਾਮਵਰ ਸ਼ਖ਼ਸ਼ੀਅਤਾਂ ਨੇ ਵਿਸ਼ੇਸ਼ ਤੌਰ ਸ਼ਿਰਕਤ ਕੀਤੀ ਅਤੇ ਨਾਲ ਹੀ ਇਲਾਕੇ ਦੇ ਵੱਖ-ਵੱਖ ਕਲਮਕਾਰਾਂ ਨੇ ਵੀ ਹਾਜ਼ਰੀ ਭਰੀ। ਇਸ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਡਾ. ਸਰਵਣ ਸਿੰਘ ਪ੍ਰਦੇਸੀ ਅਤੇ ਵਿਸ਼ੇਸ਼ ਮਹਿਮਾਨ ਪ੍ਰਵਾਸੀ ਭਾਰਤੀ ਪ੍ਰਿੰ. ਕੇਵਲ ਸਿੰਘ ਰੱਤੜਾ ਸ਼ਾਮਿਲ ਹੋਏ। ਸਮਾਗਮ ਦੀ ਪ੍ਰਧਾਨਗੀ ਪੰਜਾਬ ਸਰਕਾਰ ਦੇ ਨੁਮਾਇੰਦੇ ਅਤੇ ਰਾਸ਼ਟਰੀ ਕਵੀ ਵਜੋਂ ਮਾਨਤਾ ਪ੍ਰਾਪਤ ਸ਼ਾਇਰ ਕੰਵਰ ਇਕਬਾਲ ਸਿੰਘ, ਪ੍ਰੋ ਕੁਲਵੰਤ ਸਿੰਘ ਔਜਲਾ, ਜਸਪ੍ਰੀਤ ਕੌਰ ਜ਼ਿਲ੍ਹਾ ਭਾਸ਼ਾ ਅਫ਼ਸਰ ਕਪੂਰਥਲਾ,ਡਾ. ਅਮਨਦੀਪ ਸਿੰਘ, ਡਾ.ਰਾਗਿਨੀ ਸ਼ਰਮਾ ਨੇ ਕੀਤੀ।ਸਮਾਗਮ ਦੇ ਸ਼ੁਰੂਆਤੀ ਦੌਰ ਵਿੱਚ ਕੇਂਦਰ ਦੇ ਪ੍ਰਧਾਨ ਕੰਵਰ ਇਕਬਾਲ ਸਿੰਘ ਨੇ ਸਭਨਾਂ ਦਾ ਸਵਾਗਤ ਕਰਦਿਆਂ ਆਖਿਆ ਕਿ ਪੰਜਾਬੀ ਭਾਸ਼ਾ ਦੇ ਪੈਰੋਕਾਰ ਇਸਦੇ ਲਈ ਵਚਨਬੱਧ ਹਨ ਕਿ ਉਹ ਅਗਲੇਰੇ ਸਮੇਂ ਵਿੱਚ ਵੀ ਪੰਜਾਬੀ ਸਾਹਿਤ ਸਿਰਜਣ ਪ੍ਰਤੀ ਇਸੇ ਤਰ੍ਹਾਂ ਹੀ ਕਾਰਜਸ਼ੀਲ ਰਹਿਣਗੇ। ਜਨਰਲ ਸਕੱਤਰ ਸ਼ਹਿਬਾਜ਼ ਖ਼ਾਨ ਨੇ ਸਮਾਗਮ ਦੀ ਸ਼ੁਰੂਆਤ ਇਸ ਸਮਾਗਮ ਦੀ ਵਿਸ਼ੇਸ਼ ਖਿੱਚ "ਸਿਰਜਣਾ ਦੇ ਪਾਂਧੀ" ਕਾਵਿ ਮਹਿਫ਼ਿਲ ਰਾਹੀਂ ਕੀਤੀ, ਜਿਸ ਵਿੱਚ ਇਲਾਕੇ ਤੋਂ ਸ਼ਾਮਿਲ ਹੋਏ ਵੱਖ-ਵੱਖ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਇਸ ਕਾਵਿ-ਮਹਿਫ਼ਿਲ ਵਿੱਚ ਕ੍ਰਮਵਾਰ ਤ੍ਰਿਮਾਨ ਸਿੰਘ, ਸੁਰਿੰਦਰ ਸ਼ੇਖੂਪੁਰ, ਮਲਕੀਤ ਸਿੰਘ ਮੀਤ, ਪ੍ਰਿੰਸੀਪਲ ਬਲਬੀਰ ਕੌਰ ਬੱਬੂ ਸੈਣੀ ਫਗਵਾੜਾ, ਸੁਖਦੇਵ ਸਿੰਘ ਗੰਢਵਾਂ, ਸੂਫ਼ੀ ਸ਼ਾਇਰ ਮੁਖਤਾਰ ਸਹੋਤਾ, ਅਮਨ ਗਾਂਧੀ, ਲਾਡੀ ਭੁੱਲਰ, ਮਨਜਿੰਦਰ ਕਮਲ, ਮੁਨੱਜ਼ਾ ਇਰਸ਼ਾਦ, ਮੰਗਲ ਸਿੰਘ ਭੰਡਾਲ, ਤੇਜਬੀਰ ਸਿੰਘ, ਅਵਤਾਰ ਸਿੰਘ ਭੰਡਾਲ, ਅਵਤਾਰ ਸਿੰਘ ਗਿੱਲ, ਡਾ. ਰਾਮ ਮੂਰਤੀ, ਡਾ. ਹਰਭਜਨ ਸਿੰਘ, ਰੁਪਿੰਦਰ ਸਿੰਘ, ਆਸ਼ੂ ਕੁਮਰਾ, ਜੱਸ ਧਿੰਜਣ ਅਤੇ ਸਰਵਣ ਸਿੰਘ ਨੇ ਵੱਖ-ਵੱਖ ਵਿਸ਼ਿਆਂ ਉੱਤੇ ਲਿਖੀਆਂ ਰਚਨਾਵਾਂ ਨਾਲ ਹਾਜ਼ਰੀ ਭਰੀ। ਜ਼ਿਕਰਯੋਗ ਹੈ ਕਿ ਇਸ ਸਮਾਗਮ ਵਿੱਚ ਗ਼ਜ਼ਲ ਗਾਇਕ ਸਬੀਰ ਸਰਗਮ ਨੇ ਆਪਣੀ ਗਾਇਕੀ ਨਾਲ ਹਾਜ਼ਰ ਮਹਿਮਾਨਾਂ ਦਾ ਦਿਲ ਜਿੱਤ ਲਿਆ। ਸਮਾਗਮ ਦੇ ਦੂਸਰੇ ਦੌਰ ਵਿੱਚ ਪ੍ਰੋ. ਕੁਲਵੰਤ ਸਿੰਘ ਔਜਲਾ ਨੇ ਆਖਿਆ ਕਿ ਇਸ ਸਾਹਿਤਕ ਸਮਾਗਮ ਦੀ ਸਫ਼ਲਤਾ ਇਸੇ ਵਿੱਚ ਹੈ ਕਿ ਏਨੀ ਗਿਣਤੀ ਵਿੱਚ ਸ਼ਾਇਰ ਅਤੇ ਲੇਖਕ ਹਾਜ਼ਰ ਹੋਏ ਹਨ । ਜਿਸ ਲਈ ਜ਼ਿਲ੍ਹਾ ਭਾਸ਼ਾ ਦਫ਼ਤਰ, ਕਪੂਰਥਲਾ ਅਤੇ ਸਿਰ-ਜਣਾ ਕੇਂਦਰ ਮੁਬਾਰਕ ਦਾ ਹੱਕਦਾਰ ਹੈ। ਡਾ. ਅਮਨਦੀਪ ਸਿੰਘ ਨੇ ਆਪਣੇ ਸ਼ਬਦਾਂ ਵਿੱਚ ਕਿਹਾ ਕਿ ਸਿਰਜਣਾ ਕੇਂਦਰ ਨਾ ਸਿਰਫ਼ ਪਹਿਲਾਂ ਤੋਂ ਹੀ ਅਜਿਹੀਆਂ ਗਤੀਵਿਧੀਆਂ ਲਈ ਸਰਗਰਮ ਰਿਹਾ ਹੈ ਸਗੋਂ ਜ਼ਿਲ੍ਹਾ ਭਾਸ਼ਾ ਦਫ਼ਤਰ ਦੇ ਸਹਿਯੋਗ ਨਾਲ ਕੀਤਾ ਗਿਆ ਇਹ ਸਾਹਿਤਕ ਉੱਦਮ ਹੋਰ ਵੀ ਸਲਾਹੁਣਯੋਗ ਹੈ। ਬਤੌਰ ਵਿਸ਼ੇਸ਼ ਮਹਿਮਾਨ ਹਾਜ਼ਰ ਹੋਏ ਪ੍ਰਿੰ. ਕੇਵਲ ਸਿੰਘ ਰੱਤੜਾ ਨੇ ਕਿਹਾ ਕਿ ਪੂਰੇ ਸੂਬੇ ਅੰਦਰ ਅਜਿਹੀਆਂ ਗਤੀਵਿਧੀਆਂ ਸਾਹਿਤ ਅਤੇ ਪੁਸਤਕ ਸੱਭਿਆਚਾਰ ਨੂੰ ਹੋਰ ਮਜ਼ਬੂਤ ਕਰਨ ਵਿੱਚ ਨਿਵੇਕਲਾ ਯੋਗਦਾਨ ਪਾ ਰਹੀਆਂ ਹਨ। ਉਨ੍ਹਾਂ ਆਖਿਆ ਅਜੋਕੇ ਸਮੇਂ ਵਿੱਚ ਪਾਠਕ ਅਤੇ ਪੁਸਤਕ ਦੇ ਆਪਸੀ ਰਿਸ਼ਤੇ ਨੂੰ ਹੋਰ ਪੀਡਾ ਕਰਨ ਦੀ ਸਖ਼ਤ ਲੋੜ ਹੈ।



ਸਮਾਗਮ ਦੇ ਮੁੱਖ ਮਹਿਮਾਨ ਡਾ. ਸਰਵਣ ਸਿੰਘ ਪ੍ਰਦੇਸੀ ਨੇ ਸਮੁੱਚੇ ਸਮਾਗਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇੱਕ ਚੰਗਾ ਸ਼ਾਇਰ, ਪਾਠਕ, ਸਰੋਤਾ ਅਤੇ ਚਿੰਤਕ ਹੋਣ ਦੇ ਨਾਲ-ਨਾਲ ਇੱਕ ਸੁਹਿਰਦ ਵਿਸ਼ਲੇਸ਼ਕ ਵੀ ਹੈ, ਜਿਹੜਾ ਆਪਣੇ ਆਲੇ-ਦੁਆਲੇ ਵਾਪਰ ਰਹੀ ਹਰ ਘਟਨਾ ਦੀ ਸਾਹਿਤਕ ਪੱਖ ਤੋਂ ਪੜਚੋਲ ਵੀ ਕਰਦਾ ਹੈ। ਉਹਨਾਂ ਕਿਹਾ ਕਿ ਇੱਕ ਪ੍ਰੌੜ ਲੇਖਕ ਜਾਂ ਕਵੀ ਆਪਣੇ ਅੰਦਰ ਬਹੁਤ ਸਾਰੇ ਤੱਤਾਂ ਦਾ ਭੰਡਾਰ ਲੈ ਕੇ ਅੱਖਰਾਂ ਦੇ ਰਾਹ ਉੱਤੇ ਤੁਰਦਾ ਹੈ ਜੋ ਉਸਨੂੰ ਇੱਕ ਅਤਿ ਸੰਵੇਦਨਸ਼ੀਲ ਲੇਖਕ ਬਣਾਉਣ ਵਿੱਚ ਮਦਦਗਾਰ ਸਾਬਿਤ ਹੁੰਦੇ ਹਨ। ਸਮਾਗਮ ਦੀ ਸਮਾਪਤੀ ਵੇਲੇ ਕੇਂਦਰ ਦੇ ਪ੍ਰਧਾਨ ਕੰਵਰ ਇਕਬਾਲ ਸਿੰਘ ਨੇ ਸਭਨਾਂ ਦਾ ਵਿਸ਼ੇਸ਼ ਤੌਰ ਉੱਤੇ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਪਾਠਕ ਅਤੇ ਪੁਸਤਕ ਦੇ ਆਪਸੀ ਸੰਬੰਧਾਂ ਨੂੰ ਹੋਰ ਪਕੇਰਾ ਕਰਨ ਲਈ ਜ਼ਿਲ੍ਹਾ ਭਾਸ਼ਾ ਦਫ਼ਤਰ ਕਪੂਰਥਲਾ ਵਲੋਂ ਇੱਕ ਪੁਸਤਕ ਪ੍ਰਦਰਸ਼ਨੀ ਲਾਈ ਗਈ ਜਿਸਨੂੰ ਪਾਠਕਾਂ ਦਾ ਭਰਵਾਂ ਹੁੰਗਾਰਾ ਮਿਲਿਆ। ਕਿਤਾਬ ਮੰਚ ਕਪੂਰਥਲਾ ਵੱਲੋਂ ਡਾ. ਹਰਭਜਨ ਸਿੰਘ ਨੇ ਆਏ ਹੋਏ ਕਲਮਕਾਰਾਂ ਨੂੰ ਮੁਫ਼ਤ ਪੁਸਤਕਾਂ ਭੇਟ ਕੀਤੀਆਂ। ਸਮੁੱਚੇ ਪ੍ਰਧਾਨਗੀ ਮੰਡਲ ਨੇ ਕਵਿਤਾਵਾਂ ਨਾਲ ਹਾਜ਼ਰੀ ਲਗਵਾਉਣ ਵਾਲੇ ਸਾਰੇ ਹੀ ਕਵੀਆਂ ਨੂੰ ਜ਼ਿਲ੍ਹਾ ਭਾਸ਼ਾ ਦਫ਼ਤਰ ਵੱਲੋਂ ਤੋਹਫ਼ੇ ਦੇ ਰੂਪ ਵਿੱਚ ਪੁਸਤਕਾਂ ਭੇਟ ਕਰ ਕੇ ਸਨਮਾਨਿਤ ਕੀਤਾ ਗਿਆ। ਇਸ ਉਪਰੰਤ ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਸ਼ਖ਼ਸ਼ੀਅਤਾਂ ਅਤੇ ਕਾਰਜਕਾਰੀ ਟੀਮ ਵਿੱਚ ਸ਼ਾਮਿਲ ਆਸ਼ੂ ਕੁਮਰਾ, ਮਲਕੀਤ ਸਿੰਘ ਮੀਤ, ਅਵਤਾਰ ਸਿੰਘ ਗਿੱਲ, ਡਾਕਟਰ ਅਵਤਾਰ ਭੰਡਾਲ, ਗੁਰਦੀਪ ਗਿੱਲ, ਆਦਿ ਵੱਲੋਂ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ ਅਤੇ ਸਮਾਗਮ ਦੀ ਪ੍ਰਧਾਨਗੀ ਕਰ ਰਹੀਆਂ ਮਾਨਮੱਤੀਆਂ ਸ਼ਖ਼ਸ਼ੀਅਤਾਂ ਨੂੰ ਲੋਈ ਅਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ ਹਰਭਜਨ ਸਿੰਘ, ਸਵਰਾਜ ਕੌਰ, ਸੁਖਜੀਤ ਕੌਰ, ਗਗਨਦੀਪ ਸਿੰਘ,, ਕੋਮਲਪ੍ਰੀਤ ਕੌਰ, ਗੁਰਦੀਪ ਗਿੱਲ, ਕੁਲਦੀਪ ਸਿੰਘ, ਪਰਗਟ ਸਿੰਘ ਰੰਧਾਵਾ, ਮੰਗਾ ਮੋਮੀ ਅਤੇ ਜ਼ਿਲ੍ਹਾ ਭਾਸ਼ਾ ਦਫ਼ਤਰ ਕਪੂਰਥਲਾ ਤੋਂ ਮਨੀਸ਼ ਬਹਿਲ ਤੇ ਸਲਮਾਨ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

# ਸ਼੍ਰੀ ਕੀਰਤਨ ਸੇਵਾ ਸੁਸਾਇਟੀ ਵੱਲੋਂ ਨਿਸ਼ਕਾਮ ਰੂਪ 'ਚ ਬੇਸਹਾਰਾ ਇਸਤਰੀਆਂ ਨੂੰ ਵੰਡੀਆਂ ਗਈਆਂ ਰਾਸ਼ਨ ਦੀਆਂ ਕਿੱਟਾਂ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਮੁਨੱਖੀ ਸੇਵਾ ਕਾਰਜਾਂ ਨੂੰ ਸਮਰਪਿਤ ਸੰਸਥਾ ਸ਼੍ਰੀ ਕੀਰਤਨ ਸੇਵਾ ਸੁਸਾਇਟੀ (ਰਜਿ:) ਦੇ ਵੱਲੋਂ ਅੱਜ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਸਥਿਤ ਆਪਣੇ ਦਫਤਰ ਵਿਖੇ ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਹੋਇਆਂ ਬੇਸਹਾਰਾ ਇਸਤਰੀਆਂ ਦੀ ਮੱਦਦ ਕਰਨਾ ਹਿੱਤ ਉਨ੍ਹਾਂ ਨੂੰ ਸੁਸਾਇਟੀ ਦੇ ਵੱਲੋਂ ਨਿਸ਼ਕਾਮ ਰੂਪ ਵਿੱਚ ਰਾਸ਼ਨ ਦੀਆਂ ਕਿੱਟਾਂ ਵੰਡੀਆਂ ਗਈਆਂ। ਇਸ ਮੌਕੇ ਸੁਸਾਇਟੀ ਦੇ ਸਰਪ੍ਰਸਤ ਮਾਸਟਰ ਤਰਲੋਚਨ ਸਿੰਘ ਤੇ ਮੁੱਖ ਸੇਵਾਦਾਰ ਸ੍ਰ: ਪ੍ਰੇਮ ਸਿੰਘ ਨੇ ਸਾਂਝੇ ਤੌਰ ਤੇ ਕਿਹਾ ਕਿ ਗੁਰੂ ਸਹਿਬਾਨ ਵੱਲੋਂ ਬਖਸ਼ੇ ਸੇਵਾ ਸੰਕਲਪ ਤੇ ਪਹਿਰਾ ਦੇ ਕੇ ਮੁਨੱਖਤਾ ਦੀ ਸੇਵਾ ਕਰਨਾ ਸਭ ਤੋਂ ਉੱਤਮ ਸੇਵਾ ਹੈ। ਇਸੇ ਸੇਵਾ ਮਿਸ਼ਨ ਤੇ ਚੱਲਦਿਆਂ ਸਤਿਗੁਰੂ ਦੀ ਅਪਾਰ ਬਖਸ਼ਿਸ਼ ਸਦਕਾ ਸ਼੍ਰੀ ਕੀਰਤਨ ਸੇਵਾ ਸੁਸਾਇਟੀ (ਰਜਿ:) ਪਿਛਲੇ ਕਈ ਸਾਲਾਂ ਤੋਂ ਨਿਸ਼ਕਾਮ ਰੂਪ ਵਿੱਚ ਮੁਨੱਖੀ ਭਲਾਈ ਕਾਰਜਾਂ ਵਿੱਚ ਜੁੱਟੀ ਹੋਈ ਹੈ। ਜਿਸ ਦੇ ਅੰਤਰਗਤ ਸੁਸਾਇਟੀ ਵੱਲੋਂ ਜਿੱਥੇ ਲੋਕਾਂ ਨੂੰ ਫਰੀ ਮੈਡੀਕਲ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ, ਅੱਖਾਂ ਦੇ ਫਰੀ ਚੈਕਅੱਪ ਕੈਂਪ ਮਰੀਜ਼ਾਂ ਲਈ ਲਗਾਏ ਜਾਂਦੇ ਹਨ ਅਤੇ ਲੋੜਵੰਦ ਵਿਧਵਾਵਾਂ ਦੀ ਮੱਦਦ ਕਰਨ ਹਿੱਤ ਉਨ੍ਹਾਂ ਨੂੰ ਸੁਸਾਇਟੀ ਵੱਲੋਂ ਹਰ ਮਹੀਨੇ ਨਿਸ਼ਕਾਮ ਰੂਪ ਵਿੱਚ ਰਾਸ਼ਨ ਵੀ ਵੰਡਿਆ ਜਾਂਦਾ ਹੈ। ਇਸ ਤੋਂ ਇਲਾਵਾ ਸੁਸਾਇਟੀ ਵੱਲੋਂ ਲੁਧਿਆਣਾ ਸ਼ਹਿਰ ਵਿਖੇ ਲੜਕੀਆਂ ਨੂੰ ਸਿਲਾਈ ਕਢਾਈ ਦੀ ਸਿਖਲਾਈ ਦੇਣ ਲਈ ਦੋ ਸਿਲਾਈ ਸੈਂਟਰ ਵੀ ਚਲਾਏ ਜਾ ਰਹੇ ਹਨ। ਇਸ ਮੌਕੇ ਸੁਸਾਇਟੀ ਦੀ ਰਾਸ਼ਨ ਵੰਡ ਇੰਚਾਰਜ ਬੀਬੀ



ਬਲਦੇਵ ਕੌਰ ਤੇ ਸ੍ਰ: ਸੁਰਿੰਦਰ ਸਿੰਘ ਨੇ ਦੱਸਿਆ ਕਿ ਲੋੜਵੰਦ ਵਿਧਵਾਵਾਂ ਦੀ ਮੱਦਦ ਕਰਨ ਦੇ ਮਨੋਰਥ ਨਾਲ ਪਿਛਲੇ ਲੰਬੇ ਸਮੇਂ ਤੋਂ ਚੱਲ ਰਹੀ ਸੇਵਾ ਨੂੰ ਨਿਰੰਤਰ ਜਾਰੀ ਰੱਖਣ ਲਈ ਸੁਸਾਇਟੀ ਦੇ ਸਮੂਹ ਮੈਂਬਰਾਂ ਵੱਲੋਂ ਆਪਣਾ ਬਣਦਾ ਯੋਗਦਾਨ ਸੇਵਾ ਕਾਰਜਾਂ ਵਿੱਚ ਪਾਇਆ ਜਾ ਰਿਹਾ ਹੈ। ਅੱਜ ਅਸੀਂ 30 ਦੇ ਕਰੀਬ ਲੋੜਵੰਦ ਵਿਧਵਾਵਾਂ ਦੀ ਮੱਦਦ ਕਰਦਿਆਂ ਉਨ੍ਹਾਂ ਨੂੰ ਨਿਸ਼ਕਾਮ ਰੂਪ ਵਿੱਚ ਰਾਸ਼ਨ ਦੀਆਂ ਕਿੱਟਾਂ ਤਕਸੀਮ ਕੀਤੀਆਂ ਹਨ। ਇਸ ਸਮੇਂ ਸੁਸਾਇਟੀ ਦੇ ਸਰਪ੍ਰਸਤ ਮਾਸਟਰ ਤਰਲੋਚਨ ਸਿੰਘ, ਸ੍ਰ: ਪ੍ਰੇਮ ਸਿੰਘ ਮੁੱਖ ਸੇਵਾਦਾਰ, ਰਮਨਜੋਤ ਸਿੰਘ ਸੋਨੂੰ, ਰਮਨਦੀਪ ਸਿੰਘ, ਪਵਨਪ੍ਰੀਤ ਸਿੰਘ, ਗੁਰਿੰਦਰ ਸਿੰਘ ਦੀਪ ਆਦਿ ਹਾਜ਼ਰ ਸਨ।

# ਪ੍ਰਿੰਸ ਹੋਟਲ ਵਾਲਿਆਂ ਵੱਲੋਂ ਸਰਕਾਰੀ ਜਮੀਨ ਉਪਰ ਨਜਾਇਜ਼ ਕਬਜ਼ਾ ਕਰਨ ਦੀ ਚਰਚਾ ਹਰ ਸ਼ਹਿਰੀ ਦੀ ਜ਼ੁਬਾਨ ਤੇ ਪ੍ਰੰਤੂ ਪ੍ਰਸ਼ਾਸਨ ਵੱਲੋਂ ਅਣਦੇਖੀ

## ਪ੍ਰਿੰਸ ਹੋਟਲ ਅਤੇ ਹੋਰਨਾਂ ਨੂੰ ਕਾਨੂੰਨੀ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਜਲਦੀ ਹੀ ਸਾਰੀਆਂ ਨਜ਼ਾਇਜ ਉਸਾਰੀਆਂ ਨੂੰ ਗਿਰਾ ਦਿੱਤਾ ਜਾਵੇਗਾ : ਕਾਰਜ ਸਾਧਕ ਅਫ਼ਸਰ

ਮਲੇਰਕੋਟਲਾ-02 ਦਸੰਬਰ (ਕੁਲਵੰਤ ਸਿੰਘ ਮੁਹਾਲੀ) ਪੰਜਾਬ ਸਰਕਾਰ ਵੱਲੋਂ ਚਾਹੇ ਕਿੰਨੀਆਂ ਵੀ ਭ੍ਰਿਸ਼ਟਾਚਾਰ ਵਿਰੁੱਧ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹੋਣ ਪਰ ਸਥਾਨਕ ਨਗਰ ਕੌਂਸਲ ਅੰਦਰ ਪਰਨਾਲਾ ਉੱਥੇ ਦਾ ਉੱਥੇ ਜਾਪਦਾ ਨਜ਼ਰ ਆ ਰਿਹਾ ਹੈ ? ਆਖਿਰ ਮਲੇਰਕੋਟਲਾ ਦੇ ਵਿੱਚ ਨਗਰ ਕੌਂਸਲ ਦੀ ਹਦੂਦ ਦੇ ਅੰਦਰ ਅਣਗਿਣਤ ਨਜਾਇਜ਼ ਉਸਾਰੀਆਂ ਕਿਸ ਦੀ ਸ਼ਹਿ ਤੇ ਹੋ ਰਹੀਆਂ ਹਨ,ਇਹ ਮਾਮਲਾ ਜਾਂਚ ਦਾ ਗੰਭੀਰ ਵਿਸ਼ਾ ਬਣ ਚੁੱਕਾ ਹੈ। ਕਈ ਵਾਰ ਤਾਂ ਸ਼ਿਕਾਇਤ ਕੀਤੇ ਜਾਣ ਤੋਂ ਬਾਅਦ ਵੀ ਨਗਰ ਕੌਂਸਲ ਅਧਿਕਾਰੀਆਂ ਵੱਲੋਂ ਖਾਨਾ ਪੂਰਤੀ ਲਈ ਨੋਟਿਸ ਵੀ ਜਰੂਰ ਜਾਰੀ ਕਰ ਦਿੱਤੇ ਜਾਂਦੇ ਹਨ, ਪਰ ਉਸ ਸਬੰਧੀ ਵੀ ਅਸਲ ਕਾਨੂੰਨੀ ਕਾਰਵਾਈ ਨੂੰ ਠੰਡੇ ਬਸਤੇ ਵਿੱਚ ਹੀ ਰੱਖ ਦਿੱਤਾ ਜਾਂਦਾ ਹੈ ਅਤੇ ਕਈ ਵਾਰ ਇਸ ਤਰ੍ਹਾਂ ਵੀ ਹੁੰਦਾ ਹੈ ਜਿਸਦੇ ਚਰਚੇ ਸੁਨਣ ਨੂੰ ਮਿਲੇ ਹਨ ਕਿ ਨੋਟਿਸ ਜਾਰੀ ਕਰਕੇ ਕੇ ਉਕਤ ਬਿਲਡਿੰਗ ਮਾਲਕਾਂ ਨੂੰ ਡਰਾ ਧਮਕਾ ਕੇ ਜਾ ਮਿਲੀਭੁਗਤ ਕਰਕੇ ਉਨ੍ਹਾਂ ਕੋਲੋਂ ਸਾਇਦ ਮੋਟੀ ਰਕਮ ਜਰੂਰ ਵਸੂਲ ਕੀਤੀ ਜਾਂਦੀ ਹੈ ?

ਇਸੇ ਤਰ੍ਹਾਂ ਦੀ ਇੱਕ ਮਿਸਾਲ ਪ੍ਰਿੰਸ ਹੋਟਲ ਧੂਰੀ ਰੋਡ ਮਲੇਰਕੋਟਲਾ ਵਿਖੇ ਦੇਖਣ ਨੂੰ ਉਦੋਂ ਮਿਲੀ ਜਦ ਹੋਟਲ ਮਾਲਕਾਂ ਨੇ ਸਰਕਾਰੀ ਜਮੀਨ ਤੇ ਨਜਾਇਜ਼ ਕਬਜ਼ਾ ਕਰਦੇ ਹੋਏ ਹੋਲੀ-2 ਸਾਈਡਾਂ ਵਾਲੀਆਂ ਕੰਧਾਂ ਨੂੰ ਵੀ ਚੱਕਣਾ ਸ਼ੁਰੂ ਕਰ ਦਿੱਤਾ ? ਵਰਨਣਯੋਗ ਹੈ ਕਿ ਕੁਝ ਸਮਾਂ ਪਹਿਲਾਂ ਨਗਰ ਕੌਂਸਲ ਮਲੇਰਕੋਟਲਾ ਦੀ ਇੱਕ ਦਲੇਰ ਇੰਸਪੈਕਟਰ ਸ਼ਹਿਨਾਜ਼ ਅਬਦਾਲੀ



ਵੱਲੋਂ ਪ੍ਰਿੰਸ ਹੋਟਲ ਦੇ ਮਾਲਕਾ ਵੱਲੋਂ ਕੀਤੀ ਗਈ ਨਜਾਇਜ਼ ਉਸਾਰੀ ਤੇ ਪੀਲਾ ਪੰਜਾ ਚਲਾ ਕੇ ਨਜਾਇਜ਼ ਕਬਜ਼ਾ ਵੀ ਖਤਮ ਕਰ ਦਿੱਤਾ ਗਿਆ ਸੀ। ਪਰ ਉਸ ਤੋਂ ਬਾਅਦ ਪਤਾ ਨਹੀਂ ਹੋਟਲ ਮਾਲਕਾਂ ਨੇ ਨਗਰ ਕੌਂਸਲ ਅਧਿਕਾਰੀਆਂ ਨੂੰ ਕਿਹੜੀ ਸੰਜੀਵਨੀ ਬੂਟੀ ਸੁੰਘਾਈ ਜਿਸ ਦੇ ਨਸ਼ੇ ਵਿੱਚ ਉਹ ਮਦਹੋਸ਼ ਹੋ ਕੇ ਨਜਾਇਜ਼ ਕਬਜ਼ੇ ਨੂੰ ਦੇਖਣ ਦੀ ਖੇਚਲ ਹੀ ਨਹੀਂ ਕਰ ਰਹੇ ?

ਪਰ ਦੱਸਣਾ ਬਣਦਾ ਹੈ ਕਿ ਮੀਡੀਆ ਵੱਲੋਂ ਹੱਕ ਸੱਚ ਨੂੰ ਪ੍ਰਕਾਸ਼ਿਤ ਕਰਨਾ ਅਤੇ ਸੰਵਿਧਾਨ ਦੇ ਚੌਥੇ ਸਤੰਭ ਨੂੰ ਮਜਬੂਤ ਰੱਖਣ ਦੀ ਡਿਊਟੀ ਨਿਭਾਉਂਦੇ ਹੋਏ ਮੀਡੀਆ ਵੱਲੋਂ ਚਰਚਾਵਾਂ ਦਾ ਬਾਜ਼ਾਰ ਗਰਮ ਸੁਣ ਕੇ ਆਪਣੇ ਤੌਰ ਤੇ ਜਾਂਚ ਪੜਤਾਲ ਕੀਤੀ ਜਾਂਦੀ ਹੈ ਅਤੇ ਚਰਚਾਵਾਂ ਨੂੰ ਜਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਤੱਕ ਪਹੁੰਚਾਉਣ ਲਈ ਪ੍ਰਕਾਸ਼ਿਤ ਵੀ ਕੀਤਾ ਜਾਂਦਾ ਹੈ। ਅਗਰ ਚਰਚਾਵਾਂ ਸੱਚ ਸਾਬਿਤ ਹੋ ਜਾਂਦੀਆਂ ਹਨ, ਤਾਂ ਪੰਜਾਬ ਸਰਕਾਰ ਦੇ ਖਜ਼ਾਨੇ ਨੂੰ ਚੂਨਾ ਲੱਗਣ ਤੋਂ ਬਚਾਇਆ ਜਾਂਦਾ ਹੈ, ਜੇਕਰ ਜ਼ਿਲ੍ਹਾ ਪ੍ਰਸ਼ਾਸਨ ਮੁਸਤੈਦ ਹੋਵੇ ਤਾਂ ? ਪਰ ਅਗਰ ਜਿਲ੍ਹਾ ਪ੍ਰਸ਼ਾਸਨ ਹਰਕਤ ਵਿੱਚ ਨਹੀਂ ਆਉਂਦਾ ਤਾਂ ਮਜਬੂਰਨ ਅਦਾਰਾ ਮੀਡੀਆ ਵੱਲੋਂ ਮਾਨਯੋਗ ਉੱਚ ਅਦਾਲਤ ਦੇ ਵਿੱਚ ਇਹਨਾਂ ਹੋ ਰਹੀਆਂ ਨਜਾਇਜ਼ ਉਸਾਰੀਆਂ ਸਬੰਧੀ ਅਤੇ ਚੱਲ ਰਹੀਆਂ ਧਾਂਦਲੀਆਂ ਸਬੰਧੀ ਪੀ.ਆਈ.ਐਲ ਫਾਈਲ ਜਰੂਰ ਕੀਤੀ ਜਾ ਸਕਦੀ ਹੈ। ਕੀ ਨਗਰ ਕੌਂਸਲ ਦੇ ਅਧਿਕਾਰੀ ਇਹ ਦੱਸਣ ਦੀ ਖੇਚਲ ਕਰ ਸਕਦੇ ਹਨ, ਕਿ ਪ੍ਰਿੰਸ ਹੋਟਲ ਧੂਰੀ ਰੋਡ ਮਲੇਰਕੋਟਲਾ ਦਾ ਨਕਸ਼ਾ ਕਿੰਨੀ ਹਦੂਦ ਦਾ ਪਾਸ ਕੀਤਾ ਗਿਆ ਹੈ ਅਤੇ ਹੋਟਲ ਮਾਲਕਾ ਵੱਲੋਂ ਕਿੰਨੀ ਹਦੂਦ ਨੂੰ ਕਵਰ ਕਰ ਲਿਆ ਗਿਆ ਹੈ ਤਾਂ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਜਾਵੇਗਾ ?

ਦੂਸਰਾ ਮਾਮਲਾ ਅਦਾਰਾ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦੀ ਨਜ਼ਰ ਵਿੱਚ ਇਹ ਲਿਆਉਣਾ ਚਾਹੁੰਦਾ ਹੈ ਕਿ ਸਰਹੰਦੀ ਗੇਟ ਮਲੇਰਕੋਟਲਾ ਤੋਂ ਜਰਗ ਚੌਂਕ ਮਲੇਰਕੋਟਲਾ ਤੱਕ ਚੈੱਕ ਕੀਤਾ ਜਾਵੇ ਕਿ ਕਿੰਨੀਆਂ ਨਜਾਇਜ਼ ਉਸਾਰੀਆਂ ਬਿਨਾਂ ਨਕਸ਼ਾ, ਬਿਨਾਂ ਫਾਈਲ ਤੋਂ ਹੋ ਚੁੱਕੀਆਂ ਹਨ ਅਤੇ ਹੋ ਰਹੀਆਂ ਹਨ ? ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਦੇ ਮੁਤਾਬਿਕ ਇਹ ਹੋਈਆਂ ਨਜਾਇਜ਼ ਉਸਾਰੀਆਂ ਜਾਂ ਜਿਹੜੀਆਂ ਹੋ ਰਹੀਆਂ ਹਨ ਉਹਨਾਂ ਦੇ ਪਿੱਛੇ ਕਿਸੇ ਸਿਆਸੀ ਰਸੂਖ ਰੱਖਣ ਵਾਲੇ ਵਿਅਕਤੀ ਦਾ ਹੱਥ ਵੀ ਹੋ ਸਕਦਾ ਹੈ ਅਤੇ ਭ੍ਰਿਸ਼ਟਾਚਾਰ ਵੀ ਇਸਦਾ ਕਾਰਨ ਹੋ ਸਕਦਾ ਹੈ, ਇਸ ਸਬੰਧੀ ਆਮ ਚਰਚਾ ਸੁਣਨ ਨੂੰ ਮਿਲ ਰਹੀ ਹੈ। ਭਰੋਸੇਯੋਗ ਸੂਤਰਾਂ ਤੋਂ ਇਹ ਜਾਣਕਾਰੀ ਵੀ ਮੀਡੀਆ ਵੱਲੋਂ ਪ੍ਰਾਪਤ ਕੀਤੀ ਗਈ ਹੈ ਕਿ ਉਕਤ ਕੁਝ ਬਿਲਡਿੰਗਾਂ ਦਾ ਪ੍ਰਾਪਟੀ ਟੈਕਸ ਵੀ ਕਈ ਸਾਲਾਂ ਤੋਂ ਨਹੀਂ ਭਰਿਆ ਗਿਆ ਅਤੇ ਉਕਤ ਬਿਲਡਿੰਗਾਂ ਦੇ ਨੀਚੇ ਵਾਲੇ ਹਿੱਸੇ ਦਾ ਵੀ ਕਦੇ ਕੋਈ ਨਕਸ਼ਾ ਪਾਸ ਨਹੀਂ ਕਰਵਾਇਆ ਗਿਆ ਸੀ ? ਅਗਲਾ ਮਾਮਲਾ ਕਿਲਾ ਰਹਿਮਤਗੜ੍ਹ ਵਿਖੇ ਜਿਲ੍ਹਾ ਪ੍ਰਸ਼ਾਸਨ ਚੈੱਕ ਕਰਨ ਦੀ ਖੇਚਲ ਕਰੇ ਕਿ ਕਿੰਨੀਆਂ ਨਜਾਇਜ਼ ਉਸਾਰੀਆਂ ਹੋ ਚੁੱਕੀਆਂ ਹਨ ਅਤੇ ਕਿੰਨੀਆਂ ਹੋ ਰਹੀਆਂ ਹਨ ? ਨਗਰ ਕੌਂਸਲ ਅਧਿਕਾਰੀ ਅਤੇ ਜਿਲ੍ਹਾ ਪ੍ਰਸ਼ਾਸਨ ਕਿਰਪਾ ਕਰਕੇ ਹੋ ਰਹੇ ਚਰਚਿਆਂ ਦੀ ਜਾਂਚ ਕਰੇ ਕਿ ਡਿਫੈਂਸ ਟੇਲਰ ਕਿਲਾ ਰਹਿਮਤਗੜ੍ਹ ਨੇੜੇ ਕਿਹੜੀ ਬਿਲਡਿੰਗ ਦੀ ਉਸਾਰੀ ਹੋ ਰਹੀ ਹੈ ਕੀ ਉਸ ਬਿਲਡਿੰਗ ਦੇ ਮਾਲਕਾਂ ਨੇ ਕੋਈ ਨਕਸ਼ਾ ਪਾਸ ਕਰਵਾਇਆ ਜਾਂ ਕੋਈ ਫਾਈਲ ਭਰੀ? ਜਾਂ ਫਿਰ ਉਕਤ ਉਸਾਰੀ ਭਰਿਸ਼ਟਾਚਾਰ ਵਿੱਚ ਲਿਪਤ ਹੋ ਕੇ ਅੰਜਾਮ ਦਿੱਤੀ ਜਾ ਰਹੀ ਹੈ ? ਇਹ ਵੀ ਚੈੱਕ ਕੀਤਾ ਜਾਵੇ ਕਿ ਹਜਰਤ ਹਲੀਮਾ ਹਸਪਤਾਲ ਤੋਂ ਲੈ ਕੇ ਕਿਲਾ ਰਹਿਮਤਗੜ੍ਹ ਦੇ ਡਰੇਨ ਦੇ ਪੁਲ ਤੱਕ ਰੋਡ ਤੇ ਹੀ ਕਿੰਨੀਆਂ ਬਿਲਡਿੰਗਾਂ ਤੇ ਕਿੰਨੀਆਂ ਦੁਕਾਨਾਂ ਦੀਆਂ ਉਸਾਰੀਆਂ ਹੋਈਆਂ ਹਨ, ਉਹਨਾਂ ਦੇ ਨਕਸ਼ੇ ਚੈੱਕ ਕੀਤੇ ਜਾਣ ਅਤੇ ਚੈੱਕ ਕੀਤਾ ਜਾਵੇ ਕਿ ਸਰਕਾਰੀ ਖਜ਼ਾਨੇ ਨੂੰ ਕਿੰਨਾ ਚੂਨਾ ਨਗਰ ਕੌਂਸਲ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਲਗਾਇਆ ਜਾ ਚੁੱਕਾ ? ਇਹ ਵੀ ਚੈੱਕ ਕੀਤਾ ਜਾਵੇ ਕਿ ਪੀ.ਡਬਲਯੂ.ਡੀ ਦੀਆਂ ਹਦਾਇਤਾਂ ਮੁਤਾਬਕ ਕੀ ਹੋ ਰਹੀਆਂ ਉਕਤ ਉਸਾਰੀਆਂ ਜਾਂ ਹੋ ਚੁੱਕੀਆਂ ਕਿੰਨੀ ਜਗ੍ਹਾ ਰੋਡ ਤੋਂ ਪਾਸੇ ਛੱਡੀ ਗਈ ਹੈ ?

ਲਿਹਾਜਾ ਮਾਲੇਰਕੋਟਲਾ ਵਾਸੀਆਂ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ, ਹਰਦੀਪ ਸਿੰਘ ਮੁੰਡੀਆਂ ਕੈਬਨਟ ਮੰਤਰੀ ਪੰਜਾਬ ਅਤੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਅਪੀਲ ਹੈ ਕਿ ਇਹਨਾਂ ਹੋ ਰਹੇ ਚਰਚਿਆਂ ਦੀ ਤੁਰੰਤ ਜਾਂਚ ਕਰਵਾਈ ਜਾਵੇ ਅਤੇ ਦੋਸ਼ੀ ਪਾਏ ਜਾਣ ਵਾਲੇ ਨਜ਼ਾਇਜ਼ ਕਬਜ਼ਾਧਾਰੀਆਂ ਅਤੇ ਅਧਿਕਾਰੀਆਂ ਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ,ਤਾਂ ਹੀ ਮਾਨ ਸਰਕਾਰ ਦਾ ਭਰਿਸ਼ਟਾਚਾਰ ਮੁਕਤ ਪੰਜਾਬ ਦਾ ਸੁਪਨਾ ਸਾਕਾਰ ਹੋ ਸਕੇਗਾ।

### ਕੀ ਕਹਿਣਾ ਪ੍ਰਿੰਸ ਹੋਟਲ ਮਾਲਕ ਦਾ

ਜਦ ਪੱਤਰਕਾਰਾਂ ਨੇ ਹੋਟਲ ਮਾਲਕ ਨੂੰ ਉਹਨਾਂ ਦੇ ਮੋਬਾਈਲ ਨੰਬਰ 93643-49921 ਤੇ ਕਾਲ ਕਰਕੇ ਇਹ ਪੁੱਛਿਆ ਗਿਆ ਕਿ ਤੁਹਾ- ਡੇ ਹੋਟਲ ਦੀ ਕੁਝ ਹਦੂਦ ਦੇ ਵਿੱਚ ਨਜਾਇਜ਼ ਉਸਾਰੀ ਨੂੰ ਨਗਰ ਕੌਂਸਲ ਅਧਿਕਾਰੀਆਂ ਵੱਲੋਂ ਪਹਿਲਾਂ ਢਹਿ-ਢੇਰੀ ਕਰ ਦਿੱਤਾ ਗਿਆ ਸੀ,ਫਿਰ ਉਸ ਤੋਂ ਬਾਅਦ ਆਪ ਨੇ ਕਿਸ ਦੀ ਇਜਾਜ਼ਤ ਨਾਲ ਪੱਕੇ ਖੰਭੇ ਗੱਡ ਕੇ ਉੱਪਰ ਸ਼ੈਡ ਪਾ ਕੇ ਸਾਈਡਾਂ ਦੀਆਂ ਕੰਧਾਂ ਨੂੰ ਵੀ ਹੋਲੀ-ਹੌਲੀ ਉਪਰ ਚੱਕਣਾ ਕਿਉਂ ਸ਼ੁਰੂ ਕਰ ਦਿੱਤਾ ਹੈ ? ਤਾਂ ਹੋਟਲ ਦੇ ਮਾਲਕ ਪ੍ਰਿੰਸ ਵੱਲੋਂ ਇਹ ਕਹਿ ਕੇ ਗੱਲ ਨੂੰ ਗੋਲ-ਮੋਲ ਕਰ ਦਿੱਤਾ ਗਿਆ ਕਿ ਕੋਈ ਗੱਲ ਨਹੀ ਆਪਾਂ ਬੈਠ ਕੇ ਗੱਲ ਕਰ ਲਵਾਂਗੇ।)

### ਕੀ ਕਹਿਣਾ ਨਗਰ ਕੌਸ਼ਲ ਦੇ ਕਾਰਜ ਸਾਧਕ ਅਫਸਰ ਦਾ

ਇਸ ਸਬੰਧੀ ਜਦ ਨਗਰ ਕੌਂਸਲ ਮਲੇਰਕੋਟਲਾ ਦੇ ਕਾਰਜ ਸਾਧਕ ਅਫ਼ਸਰ ਸ੍ਰੀ ਵਧਵਾ ਨਾਲ ਫੋਨ ਉਪਰ ਉਨ੍ਹਾਂ ਦਾ ਪੱਖ ਜਾਣਿਆ ਤਾਂ ਉਨ੍ਹਾਂ ਕਿਹਾ ਕਿ ਪ੍ਰਿੰਸ ਹੋਟਲ ਵਾਲਿਆਂ ਨੂੰ ਕਾਨੂੰਨੀ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ ਅਤੇ ਜਲਦੀ ਹੀ ਉਨ੍ਹਾਂ ਵੱਲੋਂ ਕੀਤੀ ਗਈ ਨਜ਼ਾਇਜ ਉਸਾਰੀ ਨੂੰ ਗਿਰਾ ਦਿੱਤਾ ਜਾਵੇਗਾ। ਹੁਣ ਦੇਖਦੇ ਹਾਂ ਨਗਰ ਕੌਂਸਲ ਅਧਿਕਾਰੀ ਆਪਣੀ ਕਹਿਣੀ ਤੇ ਕਥਨੀ ਨੂੰ ਕਦੋ ਸੱਚ ਸਾਬਤ ਕਰਕੇ ਲੋਕਾਂ ਦਾ ਵਿਸ਼ਵਾਸ ਜਿੱਤਦੇ ਹਨ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।)

# ਸਲਾਨਾ ਮੀਟਿੰਗ ਸਮੇਂ ਸਕਰੈਪ ਕਾਰੋਬਾਰੀਆਂ ਦੀਆਂ ਮੁਸ਼ਕਲਾਂ 'ਤੇ ਹੋਈ ਚਰਚਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਲੁਧਿਆਣਾ** ਸਕਰੈਪ ਟ੍ਰੇਡਰਜ਼ ਐਸੋਸੀਏਸ਼ਨ ਦੀ ਸਲਾਨਾ ਮੀਟਿੰਗ ਸਥਾਨਕ ਹੋਟਲ ਵਿੱਚ ਐਸੋਸੀਏਸ਼ਨ ਪ੍ਰਧਾਨ ਜਤਿੰਦਰਪਾਲ ਸਿੰਘ ਖੁਰਾਣਾ ਅਤੇ ਚੇਅਰਮੈਨ ਜਰਨੈਲ ਸਿੰਘ ਖੇੜਾ ਦੀ ਅਗਵਾਈ ਵਿੱਚ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਮੈਂਬਰਾਂ ਨੇ ਹਾਜ਼ਰੀ ਭਰੀ। ਮੀਟਿੰਗ ਦੌਰਾਨ ਮੈਂਬਰਾਂ ਨੇ ਸਕ੍ਰੈਪ ਕਾਰੋਬਾਰ ਕਰਦਿਆਂ ਆ ਰਹੀਆਂ ਦਰਪੇਸ਼ ਵੱਖ-ਵੱਖ ਸਮੱਸਿਆਵਾਂ ਬਾਰੇ ਵਿਸਥਾਰ ਨਾਲ ਗੱਲਬਾਤ ਕੀਤੀ ਗਈ। ਕਾਰੋਬਾਰੀਆਂ ਨੇ ਦੱਸਿਆ ਕਿ ਪਿਛਲੇ ਕਾਫ਼ੀ ਸਮੇਂ ਤੋਂ ਮਾਰਕੀਟ ਵਿੱਚ ਸਕ੍ਰੈਪ ਦੇ ਭਾਅ ਵਿੱਚ ਆ ਰਹੇ ਤੇਜ਼ ਉਤਾਰ-ਚੜ੍ਹਾਅ ਕਾਰੋਬਾਰ 'ਤੇ ਨਕਾਰਾਤਮਕ ਅਸਰ ਪਾ ਰਹੇ ਹਨ। ਇਸ ਦੇ ਨਾਲ ਜ਼ਿੰਮੇਵਾਰ ਮਹਿਕਮਿਆਂ ਵੱਲੋਂ ਪੂਰਾ ਸਹਿਯੋਗ ਨਾ ਮਿਲਣ ਕਾਰਨ ਵੀ ਦਿਨ-ਬ-ਦਿਨ ਕਾਰੋਬਾਰ ਪ੍ਰਭਾਵਿਤ ਹੋ ਰਿਹਾ ਹੈ। ਪ੍ਰਧਾਨ ਜਤਿੰਦਰਪਾਲ ਸਿੰਘ ਖੁਰਾਣਾ ਅਤੇ ਚੇਅਰਮੈਨ ਜਰਨੈਲ ਸਿੰਘ ਖੇੜਾ ਨੇ ਕਿਹਾ ਕਿ ਐਸੋਸੀਏਸ਼ਨ ਹਮੇਸ਼ਾਂ ਸਕਰੈਪ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ



**ਪ੍ਰਧਾਨ ਜਤਿੰਦਰਪਾਲ ਸਿੰਘ ਖੁਰਾਣਾ, ਜਰਨੈਲ ਸਿੰਘ ਖੇੜਾ, ਪ੍ਰਭਜੋਤ ਸਿੰਘ ਕਾਲੜਾ ਦਾ ਸਨਮਾਨ ਕਰਦੇ ਹੋਏ ਐਸੋਸੀਏਸ਼ਨ ਮੈਂਬਰ।**

ਉੱਚੇ ਪੱਧਰ 'ਤੇ ਉਠਾਉਣ ਲਈ ਵਚਨਬੱਧ ਹੈ ਅਤੇ ਇਸ ਮੀਟਿੰਗ ਵਿੱਚ ਵੀ ਹੱਲ ਲੱਭਣ ਲਈ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਕਾਰੋਬਾਰੀਆਂ ਵੱਲੋਂ ਇੱਕ ਮਹੱਤਵਪੂਰਨ ਭਾਅ ਸੰਬੰਧੀ ਪ੍ਰਸਤਾਵ ਵੀ ਰੱਖਿਆ ਗਿਆ, ਜਿਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਮੀਟਿੰਗ ਦੇ ਅੰਤ ਵਿੱਚ ਐਸੋਸੀਏਸ਼ਨ ਦੀ ਵਰਕਿੰਗ ਕਮੇਟੀ ਵੱਲੋਂ ਸਾਰੇ ਮੈਂਬਰਾਂ ਨੂੰ ਉਨ੍ਹਾਂ ਦੇ ਯੋਗਦਾਨ ਅਤੇ ਨਿਰੰਤਰ ਸਹਿਯੋਗ ਲਈ ਪ੍ਰਧਾਨ ਜਤਿੰਦਰਪਾਲ ਸਿੰਘ ਖੁਰਾਣਾ ਅਤੇ ਚੇਅਰਪਰਸਨ ਜਰਨੈਲ ਸਿੰਘ ਖੇੜਾ ਦੀ ਹਾਜ਼ਰੀ ਵਿੱਚ ਸਨਮਾਨ ਨਿਸ਼ਾਨੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਪ੍ਰਿਤਪਾਲ ਸਿੰਘ, ਪਰਮਜੀਤ ਸਿੰਘ ਖੁਰਾਣਾ, ਜਤਿੰਦਰ ਸਿੰਘ ਬੌਬੀ, ਪ੍ਰਭਜੋਤ ਸਿੰਘ ਕਾਲੜਾ, ਦਲੀਪ ਸਿੰਘ ਖੁਰਾਣਾ, ਕੰਵਲਜੀਤ ਸਿੰਘ ਚੁੱਘ, ਮੁਕੇਸ਼ ਮਿਸ਼ਰਾ, ਗਗਨਦੀਪ ਸਿੰਘ ਅਰੋੜਾ, ਗੁਰਮੀਤ ਸਿੰਘ, ਅਰਵਿੰਦਰ ਸਿੰਘ ਪਾਹਵਾ, ਰਾਜ ਕੁਮਾਰ, ਤਰਨਜੀਤ ਸਿੰਘ, ਹਰਜੀਤ ਸਿੰਘ, ਮਨਿੰਦਰ ਸਿੰਘ ਚਾਵਲਾ, ਮਨੋਜ ਕੁਮਾਰ ਅਰੋੜਾ, ਰਕੇਸ਼ ਕੁਮਾਰ, ਪਵਨ ਕੁਮਾਰ, ਜਸਵਿੰਦਰ ਸਿੰਘ, ਰਾਜਬੀਰ ਸਿੰਘ, ਗੁਰਪ੍ਰੀਤ ਸਿੰਘ ਚੁੱਗ, ਸਨੀ ਬੱਤਰਾ, ਪਰਮਜੀਤ ਸਿੰਘ ਖੁਰਾਣਾ, ਹਰਮੀਤ ਸਿੰਘ, ਮਨੀ ਡੰਗ ਤੇ ਹੋਰ ਵੀ ਹਾਜ਼ਰ ਸਨ।

## ਨਾਕਾਮ

ਮੰਜ਼ਿਲ ਦੇ ਰਾਹ 'ਚ ਅਸੀਂ ਕਿੰਨੇ ਹੀ ਸਾਹ ਸੁਕਾ ਬੈਠੇ,
ਕਿਸਮਤ ਦੇ ਹੱਥਾਂ ਨਾਲ ਲਿਖੇ ਸੁਪਨੇ ਸਭ ਰੁਲਾ ਬੈਠੇ।
ਜਿਉਂਦੇ ਰਹੇ ਤਸੱਲੀ ਨਾਲ ਕੱਲ੍ਹ ਦੇ ਚਾਨਣ ਦੀ ਆਸ 'ਤੇ,
ਅੱਜ ਦੇ ਹਨੇਰੇ ਨਾਲ ਅਸੀ ਅੱਜ ਦੀ ਹੀ ਆਸ ਗੁਆ ਬੈਠੇ।
ਲੋਕਾਂ ਦੇ ਕਹਿਣ 'ਚ ਆ ਕੇ ਅਸੀ ਆਪਣਾ ਰੰਗ ਗੁਆ ਬੈਠੇ,
ਖੁਦ ਨਾਲ ਸੱਚ ਬੋਲਣ ਦਾ ਹੌਸਲਾ ਵੀ ਕਿਤੇ ਛੁਡਾ ਬੈਠੇ।
ਨਾ ਕੋਈ ਯਾਰ ਬਚਿਆ ਹੁਣ, ਨਾ ਕੋਈ ਆਪਣਾ ਸਾਇਆ,
ਹਰ ਕਿਸੇ ਦੀਆਂ ਰਾਹਾਂ 'ਚ ਅਸੀਂ ਖੁਦ ਨੂੰ ਰਾਹੀ ਬਣਾ ਬੈਠੇ।
ਨਾ ਕਾਮਯਾਬ ਹੋਏ ਸੀ, ਨਾ ਰਾਹਾਂ ਨਾਲ ਨਿਭਾ ਪਾਏ,
ਸੱਚ ਇਹ ਸੀ ਕਿ ਆਪਣੀ ਹੀ ਉਮੀਦਾਂ ਨੂੰ ਅਸੀ ਬੁਝਾ ਬੈਠੇ।



**ਮੰਜੂ ਰਾਇਕਾ।**
**ਭਿੰਡਰਾਂ (ਸੰਗਰੂਰ)**

## ਸੱਚ ਬੋਲਣਾ

ਛੱਡ ਮਨਾ ਸੱਚ ਬੋਲਣਾ,
ਲੋਕ ਨਾ ਕਰਨ ਪਸੰਦ।
ਜੋ ਹੁੰਦਾ ਸੋ ਹੋਣ ਦੇ,
ਤੂੰ ਅੱਖਾਂ ਕਰ ਲੈ ਬੰਦ।
ਸੇਕ ਲਗੇਗਾ ਜਿਸਨੂੰ,
ਕਰੇਗਾ ਆਪ ਪ੍ਰਬੰਧ।
ਚੋਰ ਨੂੰ ਚੋਰ ਤੂੰ ਬੋਲ ਨਾ,
ਟੱਪ ਜਾਣ ਦੇ ਕੰਧ।
ਨਜ਼ਰ ਆਏਗਾ ਸਭ ਨੂੰ,
ਜਦੋਂ ਚੜੇਗਾ ਚੰਦ।
ਤੈਨੂੰ ਕਾਹਦਾ ਫਿਕਰ ਹੈ,
ਖੁਦ ਲੋਕੀ ਫਿਕਰਮੰਦ।
ਮੋਨ ਧਾਰ ਕੇ ਬੈਠ ਤੂੰ,
ਚੁੱਪ ਦੇ ਵਿੱਚ ਆਨੰਦ।
ਸਾਰੇ ਆਦਰ ਕਰਨਗੇ,
ਰਹਿਣਗੇ ਬਣੇ ਸਬੰਧ।
ਜੁੜੀ ਰਹੇਗੀ ਬਿੰਦਰਾ,
ਮੁਹੱਬਤਾਂ ਵਾਲੀ ਤੰਦ।



**ਬਿੰਦਰ ਸਾਹਿਤ**

## "ਮਨ ਦੀ ਗੱਠੜੀ"

ਮਨ ਦੀ ਗੱਠੜੀ ਖੋਲ ਕੇ ਬਹਿ ਗਿਆ
ਸੱਚ ਜ਼ੁਬਾਨੋਂ,ਬੋਲ ਕੇ ਬਹਿ ਗਿਆ ।
ਸੱਚ ਕੀ ਆਖਿਆ, ਮੈਂ ਜ਼ਬਾਨੋਂ,
ਜਾਪੇ ਸਭ ਕੁਝ, ਰੋਲ਼ ਕੇ ਬਹਿ ਗਿਆ
ਝੂਠਿਆਂ ਨੂੰ, ਜੋ ਚੁਭਦੀ ਗੱਲ ਸੀ,
ਹਾਸੇ ਵਿੱਚ ਮੈ ਂ, ਬੋਲ ਕੇ ਵਹਿ ਗਿਆ।
ਰਿਸ਼ਤੇ ਨਾਤੇ, ਨਾਂ ਦੇ ਰਹਿ ਗਏ,
ਵਿੱਚ ਇਨ੍ਹਾਂ ਹੁਣ, ਮੋਹ ਨਾ ਰਹਿ ਗਿਆ।
ਹਰ ਕੋਈ, ਪੈਸੇ ਦਾ ਹੈ, ਮਿੱਤਰ,
ਹੁਣ,ਕ੍ਰਿਸ਼ਨ ਸੁਦਾਮਾ,ਕਿੱਥੇ ਰਹਿ ਗਿ ਆ।
ਹਰ ਕੋਈ ਲਾਉਂਦਾ, ਦਾਅ ਲੁੱਟਣ ਨੂੰ,
ਲੁੱਟ ਲੈਂਦਾ,ਜੋ ਵੀ, ਹੱਥੇ ਪੈ ਗਿਆ।
ਹੱਕ ਸੱਚ ਦੀ ਹੁਣ, ਕਿੱਥੇ ਕਮਾਈ,
ਬਸ ਦੋ ਨੰਬਰ ਦਾ ਹੁਣ ,ਧੰਦਾ ਰਹਿ ਗਿਆ ।
ਜ਼ਮੀਨ ਦੀ ਖ਼ਾਤਰ, ਲੜਦਾ ਟੱਬਰ,
ਪਿਆਰ ਏਕਾ ਸਭ ਕਿੱਥੇ ਰਹਿ ਗਿਆ।
ਧੀ-ਪੁੱਤ, ਪਿਉ ਦੀਆਂ,ਰੋਲਣ ਪੱਗਾ,
ਵਿੱਚ ਰਗਾਂ ਦੇ, ਚਿੱਟਾ ਬਹਿ ਗਿਆ।
ਛੋਟੇ-ਵੱਡੇ ਦੀਆਂ, ਕਿੱਥੇ ਕਦਰਾਂ ,
ਬੋਲ ਨਾ ਬਹੁਤਾ! ਪੋਤਾ ਕਹਿ ਗਿਆ।
ਝੂਠ-ਤੂਫ਼ਾਨ ਜਿਹਾ,ਬੋਲ ਲੋਕਾਂ ਨੂੰ,
ਲੀਡਰ ਝੂਠਾ,ਵੋਟਾਂ ਲੈ, ਗਿਆ।
ਮਜ਼ਦੂਰ ਪੰਜਾਬ ਦਾ ਭੁੱਖਾ, ਮਰਦਾ,
ਦਿੱਲੀ ਵਾਲਾ ਹੁਣ,ਲਾਹਾ ਲੈ ਗਿਆ।
ਸੱਤਾ ਦਾ ਇਹ,ਚੰਦਰਾ ਕੀੜਾ,
ਕਿਉਂ ਪੰਜਾਬ ਦੀ,ਜੜ੍ਹਾਂ 'ਚੁ ਬਹਿ ਗਿਆ।
ਰੰਗਲਾ ਰਹਿ ਗਿਆ ਨਾਂ, ਪੰਜਾਬ ਦਾ,
ਕੀ? ਰੰਗਲਾ ਹੁਣ ਇੱਥੇ ਰਹਿ ਗਿਆ।
ਯੂਥ ਪੜ੍ਹਾਈਆਂ ਕਰਕੇ, ਵੱਡੀਆਂ,
ਜਾ ਬੇਗ਼ਾਨੇ,ਮੁਲਕੀਂ,ਬਹਿ ਗਿਆ।
ਮੰਗਣ ਫਿਰੌਤੀ,ਦੇਣ ਧਮਕੀਆਂ,
ਪਿੱਛੇ ਹੁਣ, ਰੁਜ਼ਗਾਰ ਇਹ, ਰਹਿ ਗਿਆ।
ਸਕੂਲ,ਕਾਲਜੀ ਜਾਂਦਾ, ਗੱਭਰੂ,
ਨਸ਼ਿਆਂ ਦਾ ਪੁੱਤ ਬਣਕੇ,ਬਹਿ ਗਿਆ।
ਮਜ਼ਦੂਰ, ਕਿਸਾਨ ਦੇ, ਕੁਝ ਨਹੀਂ ਪੱਲੇ,
ਝੋਲੀ, ਵਿੱਚ ਬਸ, ਕਰਜ਼ਾ ਰਹਿ ਗਿਆ।
ਮਜ਼ਦੂਰ ਦਾ, ਚੁੱਲ੍ਹਾ ਚੱਲਣਾ ਕਿੱਥੋਂ ,
ਕੰਮ,ਮਸ਼ੀਨੀ, ਯੁੱਗ, ਖੋਹ ਲੈ ਗਿਆ।
ਕਦਰਾਂ ਕੀਮਤਾਂ ਭੁੱਲ ਪੰਜਾਬੀ,
ਪੱਛਮੀ ਜਾਪੇ,ਬਹਿਣ 'ਚੁ, ਬਹਿ ਗਿਆ।
ਪਿਆਰ-ਮੁਹੱਬਤੋਂ ਸੱਖਣੇ ਲੋਕੀਂ,
ਗਿਆ ਸਕੰਦਰ!ਨਾਲ਼ ਕੀ ਲੈ ਗਿਆ ?
ਚਾਰ ਦਿਨਾਂ ਦੀ ਜ਼ਿੰਦਗੀ ਸੱਜਣਾ,
ਕਿਉਂ,ਇੱਥੇ ਲਾ ਤੂੰ, ਡੇਰੇ ਬਹਿ ਗਿਆ।
ਮੈਂ ਸਮਝਾਵਣ ਲੱਗਾ, ਦੁਨੀਆਂ
ਝੱਟ ਹੀ ਮੈਂ ਤਾਂ, ਦਿਲਾਂ ਤੋਂ, ਲਹਿ ਗਿਆ ।
ਮਨ ਮਸਤਕ ਵਿੱਚ, ਬੋਝ ਨਾ ਢੋਈਂ,
ਦੱਬੀ ਚੱਲ, ਜੋ ਵੀ, ਕੰਮੀਂ ਪੈ ਗਿਆ।
ਮੁੜ,ਮਾਪੇ, ਭੈਣ ਭਰਾ ਨਹੀਂ ਲੱਭਣੇ,
ਹਰ ਸਿਆਣਾ, ਗੱਲ ਇਹ ,ਕਹਿ ਗਿਆ।
ਸੰਦੀਪ ਇਹ ਦੁਨੀਆਂ ਚਾਰ ਦਿਨਾਂ ਦੀ,
ਲੁੱਟ ਲਾ,ਜੋ ਕੁੱਝ,ਲੁੱਟਣੋ, ਰਹਿ ਗਿਆ।



**ਸੰਦੀਪ ਸਿੰਘ 'ਬਖੋਪੀਰ'**
**ਸੰਪਰਕ:-9815321017**

## ਗੀਤ ( ਲੋਕ ਤੱਥ ਪੌੜੀ )

ਲਾਲਚੀ ਦਾ ਕਦੇ ਨਾ ਵਿਸਾਹ ਕਰੀਏ
ਚੁਗਲ ਦੀ ਹਾਮੀ ਨਾ ਕਦੇ ਵੀ ਭਰੀਏ
ਭੋਲ਼ੇ ਬੰਦੇ ਤਾਈਂ ਰੱਖ ਦੇਣ ਰਾੜ੍ਹ ਕੇ
ਖਿੱਚ ਲੈਂਣ ਪੌੜੀ ,ਕੋਠੇ ਉੱਤੇ ਚਾੜ੍ਹ ਕੇ

ਕਿਸੇ ਦੇ ਭਰੋਸੇ ਅੱਗੇ ਪੈਰ ਧਰੋ ਨਾ
ਅੱਖਾਂ ਮੀਚ ਕਿਸੇ ਤੇ ਯਕੀਨ ਕਰੋ ਨਾ
ਵਸਦੇ ਘਰਾਂ ਨੂੰ ਰੱਖ ਦੇਣ ਪਾੜ ਕੇ

ਹਰ ਵੇਲੇ ਮੋਢਿਆਂ ਤੇ ਚਾਹੁੰਣ ਚੜ੍ਹਨਾ
ਔਖੇ ਵੇਲੇ ਕਿਸੇ ਨੇ ਨੀਂ ਨਾਲ਼ ਖੜ੍ਹਨਾ
ਮਾੜਾ ਸਮਾਂ ਜਦੋਂ ਆਉਂਦਾ ਹੈ ਦਹਾੜ ਕੇ

ਮੂੰਹੋਂ ਮਿੱਠੇ,ਦਿਲ ਦੇ ਉਹ ਕਾਲੇ ਹੁੰਦੇ ਐ
ਮੱਥੇ ਵਿੱਚ ਸੱਪ ਜਿੰਨ੍ਹਾਂ ਪਾਲ਼ੇ ਹੁੰਦੇ ਐ
ਚੋਰੀ ਦੁੱਧ ਪਾਉਣ ਉਨ੍ਹਾਂ ਤਾਈਂ ਕਾੜ੍ਹ ਕੇ

ਦੀਨੇ ਵਾਲਾ ਫ਼ੌਜੀ,ਲਿਖੇ ਸੱਚ ਮਿੱਤ੍ਰੋ
ਐਹੋ ਜੇ ਲੋਕਾਂ ਤੋਂ! ਜਾਓ ਬਚ ਮਿੱਤ੍ਰੋ
ਖਾ ਲਿਓ ਨਾ ਧੋਖਾ ਕਿਤੇ ਘਰੇ ਵਾੜ ਕੇ



**ਅਮਰਜੀਤ ਸਿੰਘ ਫ਼ੌਜੀ**
**ਪਿੰਡ ਦੀਨਾ ਸਾਹਿਬ**
**ਜ਼ਿਲ੍ਹਾ ਮੋਗਾ ਪੰਜਾਬ**
**95011-27033**

## ਵਰੇਗੰਢ ਮੁਬਾਰਕ



**ਮਹਿੰਦਰ ਸਿੰਘ ਤੇ ਬਲਵੀਰ ਕੌਰ ਨਿਵਾਸੀ ਗੜ੍ਹਸ਼ੰਕਰ ਰੋਡ ਨਵਾਸ਼ਹਿਰ ਨੇ ਵਿਆਹ ਦੀ 42ਵੀਂ ਵਰੇਗੰਢ ਮਨਾਈ।**
**ਫ਼ੋਟੋ ਦਾ ਵੇਰਵਾ ਪੱਤਰਕਾਰ ਜਤਿੰਦਰ ਪਾਲ ਸਿੰਘ ਕਲੇਰ ਨਵਾਂਸ਼ਹਿਰ**

# ਬੀ.ਵਾਕ (ਜੇਐਮਟੀ) ਸਮੈਸਟਰ ਦੂਜੇ ਅਤੇ ਚੌਥੇ ਦਾ ਨਤੀਜਾ ਸ਼ਾਨਦਾਰ ਰਿਹਾ

**ਬਰਨਾਲਾ (ਚੰਡਿਹੋਕ)** ਐੱਸ. ਡੀ. ਕਾਲਜ ਬਰਨਾਲਾ ਵਿਖੇ ਬੀ.ਵਾਕ ਜੇਐਮਟੀ (ਜਰਨਲਿਜ਼ਮ ਐਂਡ ਮਲਟੀਮੀਡੀਆ ਟੈਕਨਾਲੋਜੀਜ਼) ਦੇ ਸਮੈਸਟਰ ਦੂਜੇ ਅਤੇ ਚੌਥੇ ਦਾ ਨਤੀਜਾ ਸ਼ਾਨਦਾਰ ਰਿਹਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਐਲਾਨੇ ਇਹਨਾਂ ਨਤੀਜਿਆਂ ਵਿੱਚ ਸਾਰੇ ਵਿਦਿਆਰਥੀਆਂ ਨੇ ਚੰਗੇ ਅੰਕ ਪ੍ਰਾਪਤ ਕੀਤੇ ਹਨ। ਕਾਲਜ ਦੇ ਪੀ.ਆਰ.ਓ ਪ੍ਰੋ. ਸ਼ੋਇਬ ਜ਼ਫ਼ਰ ਨੇ ਦੱਸਿਆ ਕਿ ਦੂਜੇ ਸਮੈਸਟਰ ਵਿੱਚ ਵਿਦਿਆਰਥਣ ਈਸ਼ਾ ਸ਼ਰਮਾ ਨੇ 8.60 ਐਸਜੀਪੀਏ ਅੰਕ ਲੈ ਕੇ ਯੂਨੀਵਰਸਿਟੀ ਅਤੇ ਕਾਲਜ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਜਦਕਿ ਸਿਮਰਨਜੀਤ ਕੌਰ 8. 40 ਐਸਜੀਪੀਏ ਅੰਕ ਨਾਲ ਦੂਜਾ ਅਤੇ ਜਗਦੀਪ ਸਿੰਘ ਨੇ 8.20 ਐਸਜੀਪੀਏ ਨਾਲ ਤੀਜਾ ਸਥਾਨ ਹਾਸਲ ਕੀਤਾ ਹੈ। ਇਸੇ ਤਰ੍ਹਾਂ ਸਮੈਸਟਰ ਚੌਥਾ ਵਿੱਚੋਂ ਵਿਦਿਆਰਥਣ ਰਜਿੰਦਰ ਕੌਰ 9.60 ਐਸਜੀਪੀਏ ਅੰਕ ਨਾਲ ਪਹਿਲੇ ਸਥਾਨ ਤੇ ਰਹੀ, ਜਦਕਿ ਜਗਮੀਤ ਸਿੰਘ ਨੇ 9.20 ਐਸਜੀਪੀਏ ਅਤੇ ਸਿਮਰਨਦੀਪ ਕੌਰ ਨੇ 9.00 ਐਸਜੀਪੀਏ ਅੰਕ ਲੈ ਕੇ ਕ੍ਰਮਵਾਰ ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਇਹਨਾਂ ਸ਼ਾਨਦਾਰ ਨਤੀਜਿਆਂ ਲਈ ਕਾਲਜ ਪ੍ਰਬੰਧਕ ਕਮੇਟੀ ਅਤੇ ਕਾਲਜ ਪ੍ਰਿੰਸੀਪਲ ਡਾ. ਰਮਾ ਸ਼ਰਮਾ ਵਲੋਂ ਵਿਭਾਗ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।


ਪਹਿਲੀਆਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀ।

# ਮਾਛੀਵਾੜਾ ਸਾਹਿਬ ਬਲਾਕ ਕਾਂਗਰਸ ਨੇ ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ

**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ**



ਸਮੁੱਚੇ ਪੰਜਾਬ ਦੇ ਵਿੱਚ ਜਿਲਾ ਪਰਿਸ਼ਦ ਤੇ ਬਲਾਕ ਸੰਮਤੀ ਚੋਣਾਂ ਹੋਣ ਜਾ ਰਹੀਆਂ ਹਨ। ਇਹਨਾਂ ਚੋਣਾਂ ਦੇ ਸੰਬੰਧ ਵਿੱਚ ਸਾਰੀਆਂ ਹੀ ਸਿਆਸੀ ਪਾਰਟੀਆਂ ਸਰਗਰਮ ਹਨ ਤੇ ਆਪੋ ਆਪਣੇ ਉਮੀਦਵਾਰਾਂ ਨੂੰ ਮੈਦਾਨ ਵਿੱਚ ਉਤਾਰ ਰਹੀਆਂ ਹਨ। ਵਿਧਾਨ ਸਭਾ ਹਲਕਾ ਸਮਰਾਲੇ ਦੇ ਵਿੱਚ ਪੈਂਦਾ ਇਤਿਹਾਸਕ ਸ਼ਹਿਰ ਸ੍ਰੀ ਮਾਛੀਵਾੜਾ ਸਾਹਿਬ ਦੇ ਵਿੱਚ ਬਲਾਕ ਕਾਂਗਰਸ ਕਮੇਟੀ ਨੇ ਜ਼ਿਲ੍ਹਾ ਜੋਨ ਪਰਿਸ਼ਦ ਤੇ ਬਲਾਕ ਸੰਮਤੀ ਦੇ ਮੈਂਬਰਾਂ ਦੀ ਸੂਚੀ ਜਾਰੀ ਕਰ ਦਿੱਤੀ ਹੈ। ਇਸ ਸੂਚੀ ਨੂੰ ਜਾਰੀ ਕਰਨ ਸਮੇਂ ਵਿਧਾਨ ਸਭਾ ਹਲਕਾ ਸਮਰਾਲਾ ਤੋਂ ਕਾਂਗਰਸ ਦੇ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਕਿਹਾ ਕਿ ਅਸੀਂ ਸਮੁੱਚੇ ਪਿੰਡਾਂ ਦੇ ਵਿੱਚ ਜਾ ਕੇ ਕਾਂਗਰਸ ਨਾਲ ਜੁੜੇ ਹੋਏ ਆਗੂਆਂ ਵਰਕਰਾਂ ਦੀਆਂ ਮੀਟਿੰਗਾਂ ਕੀਤੀਆਂ ਉਸ ਤੋਂ ਬਾਅਦ ਉਮੀਦਵਾਰ ਚੋਣ ਮੈਦਾਨ ਵਿੱਚ ਉਤਾਰੇ ਹਨ। ਬਲਾਕ ਕਾਂਗਰਸ ਮਾਛੀਵਾੜਾ ਤੋਂ ਬਲਾਕ ਕਾਂਗਰਸ ਦੇ ਪ੍ਰਧਾਨ ਪਰਵਿੰਦਰ ਤਿਵਾੜੀ ਨੇ ਕਿਹਾ ਕਿ ਅਸੀਂ ਸੂਚੀ ਜਾਰੀ ਕਰ ਦਿੱਤੀ ਹੈ ਜਲਦੀ ਹੀ ਚੋਣ ਪ੍ਰਚਾਰ ਦੇ ਵਿੱਚ ਜੁਟ ਜਾਵਾਂਗੇ ਤੇ ਜੋ ਉਮੀਦਵਾਰ ਕਾਂਗਰਸ ਵੱਲੋਂ ਖੜਾਏ ਗਏ ਹਨ ਉਹਨਾਂ ਲਈ ਦਿਨ ਰਾਤ ਇੱਕ ਕਰਕੇ ਪ੍ਰਚਾਰ ਕਰਾਂਗੇ ਤੇ ਉਮੀਦਵਾਰਾਂ ਨੂੰ ਜਿਤਾ ਕੇ ਕਾਂਗਰਸ ਨੂੰ ਮਜਬੂਤ ਕਰਾਂਗੇ।

ਕਾਂਗਰਸ ਵੱਲੋਂ ਜੋ ਸੂਚੀ ਜਾਰੀ ਕੀਤੀ ਗਈ ਹੈ ਉਸ ਅਨੁਸਾਰ ਜ਼ਿਲ੍ਹਾ ਪਰਿਸ਼ਦ ਜੋਨ 1 ਨੀਲੋ ਕਲਾਂ ਜਨਰਲ ਸੁਖਦੀਪ ਸਿੰਘ ਪੁੱਤਰ ਬਲਕਾਰ ਸਿੰਘ ਗੌਸਗੜ, ਖੀਰਨੀਆਂ ਜੋਨ 2 ਇਸਤਰੀ, ਕੁਲਵਿੰਦਰ ਕੌਰ ਪਤਨੀ ਅਵਤਾਰ ਸਿੰਘ ਬਰਮਾ, ਪੰਚਾਇਤ ਸੰਮਤੀ ਉਮੀਦਵਾਰ ਪੰਜਗਰਾਈਆਂ ਐਸ ਸੀ ਰਾਜਨ ਕੁਮਾਰ ਪੁੱਤਰ ਕਸ਼ਮੀਰਾ ਰਾਮ ਉਧੋਵਾਲ ਕਲਾਂ, ਖੀਰਨੀਆਂ ਐਸ ਸੀ ਜਸਪ੍ਰੀਤ ਸਿੰਘ ਪੁੱਤਰ ਰਘਵੀਰ ਸਿੰਘ ਮੁਸਕਾਬਾਦ, ਤੱਖਰਾ ਐਸ ਸੀ ਇਸਤਰੀ ਕਮਲਜੀਤ ਕੌਰ ਪਤਨੀ ਮੇਜਰ ਸਿੰਘ ਤੱਖਰਾਂ, ਹੇਡੋਂ ਬੇਟ, ਐਸ ਸੀ ਇਸਤਰੀ ਗੁਰਜੀਤ ਕੌਰ ਪਤਨੀ ਤਜਿੰਦਰ ਸੁਭਾਸ਼, ਹੇਡੋਂ ਬੇਟ, ਚਕਲੀ ਆਦਲ ਇਸਤਰੀ ਭਿੰਦਰ ਕੌਰ ਪਤਨੀ ਗੁਰਦੇਵ ਸਿੰਘ ਸਾਬਕਾ ਸਰਪੰਚ ਧਨੂੰਰ, ਹਿਆਤਪੁਰ ਇਸਤਰੀ ਸਤਿੰਦਰ ਕੌਰ ਪਤਨੀ ਭੁਪਿੰਦਰ ਸਿੰਘ ਰਾਮਗੜ, ਗਹਿਲੇਵਾਲ ਜਨਰਲ ਰਾਣਾ ਮਨਜੀਤ ਸਿੰਘ ਸਾਬਕਾ ਸਰਪੰਚ ਪੁੱਤਰ ਅੰਗਦ ਸਿੰਘ ਸਿਹਾਲਾ, ਸ਼ੇਰਪੁਰ ਬੇਟ ਜਨਰਲ ਰਛਪਾਲ ਸਿੰਘ ਪੁੱਤਰ ਤਰਸੇਮ ਸਿੰਘ ਸ਼ੇਰਪੁਰ ਬੇਟ, ਬਹਿਲੋਲਪੁਰ ਜਨਰਲ ਰਮਨਦੀਪ ਸਿੰਘ ਰਾਏ ਸਾਬਕਾ ਸਰਪੰਚ ਪੁੱਤਰ ਬਲਦੇਵ ਸਿੰਘ ਬਹਿਲੋਲਪੁਰ, ਭਰਥਲਾ ਜਨਰਲ ਤੋਂ ਰਿਤਿਕਾ ਭਾਰਦਵਾਜ ਪਤਨੀ ਅਰੁਣ ਕੁਮਾਰ ਸਰਪੰਚ ਭਰਥਲਾ, ਮਾਛੀਵਾੜਾ ਖਾਮ ਇਸਤਰੀ ਜਸਪਾਲ ਕੌਰ ਪਤਨੀ ਮਨਦੀਪ ਸਿੰਘ ਸਿਕੰਦਰਪੁਰ, ਰੱਤੀਪੁਰ ਇਸਤਰੀ ਕੁਲਵਿੰਦਰ ਕੌਰ ਪਤਨੀ ਦਵਿੰਦਰ ਸਿੰਘ ਗਰੇਵਾਲ ਸਾਬਕਾ ਸਰਪੰਚ ਪਵਾਤ, ਕਕਰਾਲਾ ਕਲਾਂ ਤੋਂ ਇਸਤਰੀ ਗੁਰਦੀਪ ਕੌਰ ਸਾਬਕਾ ਬਲਾਕ ਸੰਮਤੀ ਮੈਂਬਰ ਪਤਨੀ ਜਗਤਾਰ ਸਿੰਘ ਕਕਰਾਲਾ ਖੁਰਦ, ਹੇਡੋਂ ਢਾਹਾ ਇਸਤਰੀ ਈਸ਼ਾ ਖੁੱਲਰ ਪਤਨੀ ਰਮੇਸ਼ ਖੁੱਲਰ ਹੇਡੋਂ ਢਾਹਾ, ਮਾਣੇਵਾਲ ਜਨਰਲ ਲਖਬੀਰ ਸਿੰਘ ਪੁੱਤਰ ਬਲਦੇਵ ਸਿੰਘ ਮਾਣੇਵਾਲ, ਜਾਤੀਵਾਲ ਜਨਰਲ ਅਜੇ ਕੁਮਾਰ ਪੁੱਤਰ ਸੋਹਣ ਸਿੰਘ ਜੋਧਵਾਲ ਉਮੀਦਵਾਰ ਹਨ।

# ਸ਼੍ਰੀ ਰਾਮਾਇਣ ਗਿਆਨ ਮੁਕਾਬਲੇ ਵਿੱਚ 51 ਵਿਦਿਆਰਥੀਆਂ ਨੇ ਹਿੱਸਾ ਲਿਆ

**ਡੇਰਾਬੱਸੀ, ਸੰਜੀਵ ਸਿੰਘ ਸੈਣੀ**



ਅੱਜ ਡੇਰਾਬੱਸੀ ਦੇ ਸਭ ਤੋਂ ਪੁਰਾਣੇ ਸਕੂਲ, ਡੀਏਵੀ ਸੀਨੀਅਰ ਸੈਕੰਡਰੀ ਸਕੂਲ ਵਿੱਚ, 7ਵੀਂ ,9ਵੀਂ ਅਤੇ 11ਵੀਂ ਜਮਾਤ ਦੇ ਵਿਦਿਆਰਥੀਆਂ ਨੇ ਸ਼੍ਰੀ ਰਾਮਲੀਲਾ ਕਮੇਟੀ, ਰਜਿਸਟਰ ਨੰਬਰ 812, ਡੇਰਾਬੱਸੀ ਦੁਆਰਾ ਸਨਾਤਨ ਸੱਭਿਆਚਾਰ ਅਤੇ ਧਰਮ ਦੇ ਵਿਦਿਆਰਥੀਆਂ ਦੇ ਗਿਆਨ ਨੂੰ ਵਧਾਉਣ ਦੇ ਉਦੇਸ਼ ਨਾਲ ਕਰਵਾਏ ਗਏ ਮੁਕਾਬਲਿਆਂ ਦੀ ਇੱਕ ਲੜੀ ਦੇ ਹਿੱਸੇ ਵਜੋਂ ਆਯੋਜਿਤ ਮੁਕਾਬਲੇ ਵਿੱਚ ਜਮਾਤ ਸਤਵੀਂ ਤੋਂ ਬਾਰਵੀਂ ਦੇ ਵਿਦਿਆਰੀਆਂ ਨੇ ਹਿੱਸਾ ਲਿਆ। ਕਮੇਟੀ ਦੇ ਪ੍ਰਧਾਨ ਰਵਿੰਦਰ ਵੈਸ਼ਨਵ ਡੇਰਾਬੱਸੀ ਨੇ ਦੱਸਿਆ ਕਿ ਹੁਣ ਤੱਕ ਲਗਭਗ 6,000 ਸਕੂਲੀ ਵਿਦਿਆਰਥੀਆਂ ਨੂੰ ਇਸ ਮੁਕਾਬਲੇ ਵਿੱਚ ਹਿੱਸਾ ਲੈਣ ਲਈ ਸਨਮਾਨਿਤ ਕੀਤਾ ਗਿਆ ਹੈ। ਸਕੂਲ ਮੈਨੇਜਰ, ਸ਼੍ਰੀ ਪ੍ਰੀਤਮ ਦਾਸ ਤੋਂ ਪ੍ਰੇਰਿਤ ਅੱਜ ਦੇ ਮੁਕਾਬਲੇ ਵਿੱਚ, 51 ਵਿਦਿਆਰਥੀਆਂ ਨੇ ਲਿਖਤੀ ਪ੍ਰੀਖਿਆ ਵਿੱਚ ਹਿੱਸਾ ਲਿਆ। ਬਾਅਦ ਵਿੱਚ, ਸਾਰੇ ਭਾਗੀਦਾਰਾਂ ਨੂੰ ਸ਼੍ਰੀ ਰਾਮਲੀਲਾ ਕਮੇਟੀ 812 ਵੱਲੋਂ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ। ਪਹਿਲੇ ਸਥਾਨ 'ਤੇ ਰਹਿਣ ਵਾਲੇ, ਬਾਰ੍ਹਵੀਂ ਜਮਾਤ ਦੇ ਸੰਜੇ ਕੁਮਾਰ ਨੂੰ ₹2100 ਦਾ ਨਕਦ ਇਨਾਮ ਦਿੱਤਾ ਗਿਆ। ਦੂਜੇ ਸਥਾਨ 'ਤੇ ਰਹਿਣ ਵਾਲੇ, ਸੱਤਵੀਂ ਜਮਾਤ ਦੇ ਵਿਨੋਦ ਕੁਮਾਰ ਨੂੰ ₹1100 ਅਤੇ ਤੀਜੇ ਸਥਾਨ 'ਤੇ ਰਹਿਣ ਵਾਲੇ, ਦਸਵੀਂ ਜਮਾਤ ਦੇ ਹਰਸ਼ਿਤ ਜੋਸ਼ੀ ਨੂੰ ₹500 ਦਾ ਨਕਦ ਇਨਾਮ ਦਿੱਤਾ ਗਿਆ। ਇਸ ਪ੍ਰੀਖਿਆ ਵਿੱਚ ਉਨ੍ਹਾਂ ਦੇ ਸਹਿਯੋਗ ਲਈ, ਉਪੇਸ਼ ਬਾਂਸਲ, ਸੰਜੀਵ ਥਮਨ, ਦਿਨੇਸ਼ ਵੈਸ਼ਨਵ, ਯੋਗੇਸ਼ ਅਤਰੀ, ਸਤਪਾਲ ਅਤਰੀ, ਬਲਬੀਰ ਮੱਗੂ, ਏਕੇ ਤਿਆਗੀ, ਪਵਨ ਧੀਮਾਨ ਪੰਮਾ, ਕਿਸ਼ਨ ਲਾਲ ਉਪਨੇਜਾ, ਭਾਈਵਾਲ ਸੰਗਠਨ ਭਾਰਤ ਵਿਕਾਸ ਪ੍ਰੀਸ਼ਦ ਵਿਵੇਕਾਨੰਦ ਸ਼ਾਖਾ ਡੇਰਾਬੱਸੀ ਦੇ ਨਾਲ, ਅਤੇ ਸਕੂਲ ਪ੍ਰਬੰਧਨ ਵੱਲੋਂ ਅਧਿਆਪਕ ਸ਼੍ਰੀਮਤੀ ਮਮਤਾ, ਸਮਿਤਾ ਆਹੂਜਾ ਅਤੇ ਮਹੇਸ਼ ਸ਼ਰਮਾ ਜੀ ਨੇ ਆਪਣਾ ਸਮਰਥਨ ਦਿੱਤਾ।

# ਪ੍ਰਾਇਮਰੀ ਤੇ ਅਪਰ ਪ੍ਰਾਇਮਰੀ ਤੇ ਵਿਦਿਆਰਥੀਆਂ ਵਾਂਗ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦੀਆਂ ਖੇਡਾਂ ਕਰਾਉਣ ਦੀ ਮੰਗ



**ਹੁਸਿਆਰਪੁਰ, (ਤਰਸੇਮ ਦੀਵਾਨਾ)** - ਸਰਕਾਰੀ ਸਕੂਲਾਂ ਵਿੱਚ ਚੱਲ ਰਹੇ ਰਿਸੋਰਸ ਰੂਮਾਂ ਵਿੱਚ ਪੜ੍ਹਦੇ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦੀਆਂ ਖੇਡਾਂ ਨਾ ਕਰਵਾਉਣ ਕਰਕੇ ਵਿਦਿਆਰਥੀਆਂ ਦੇ ਮਾਪਿਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਉੱਘੇ ਸਮਾਜ ਸੇਵਕ ਸੇਵਾ-ਮੁਕਤ ਸੁਖਵਿੰਦਰ ਸਿੰਘ ਭੱਟੀ ਨੇ ਦੱਸਿਆ ਕਿ ਵਿਭਾਗ ਵਲੋਂ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦੀਆਂ ਅਜੇ ਤੱਕ ਖੇਡਾਂ ਨਹੀਂ ਕਰਵਾਈਆਂ ਗਈਆਂ ਜਦਕਿ ਪ੍ਰਾਇਮਰੀ, ਅੱਪਰ ਪ੍ਰਾਇਮਰੀ ਵਿਦਿਆਰਥੀਆਂ ਦੀਆਂ ਸੂਬਾ ਪੱਧਰੀ ਖੇਡਾਂ ਹੋ ਚੁੱਕੀਆਂ ਹਨ। ਉਹਨਾਂ ਕਿਹਾ ਕਿ ਦਸੰਬਰ ਮਹੀਨਾ ਸ਼ੁਰੂ ਹੋ ਚੁੱਕਾ ਹੈ ਜਦ ਕਿ ਅਗਲੇ ਮਹੀਨੇ ਨਵਾਂ ਸਾਲ ਸ਼ੁਰੂ ਹੋਣ ਵਾਲਾ ਹੈ। ਉਨਾ ਕਿਹਾ ਕਿ ਦਿਵਿਆਂਗ ਵਿਦਿਆਰਥੀਆਂ ਦੀਆਂ ਖੇਡਾਂ ਅਜੇ ਤੱਕ ਸ਼ੁਰੂ ਵੀ ਨਹੀਂ ਹੋਈਆਂ ਅਤੇ ਨਾ ਹੀ ਅਜੇ ਤੱਕ ਇਨ੍ਹਾਂ ਖੇਡਾਂ ਬਾਰੇ ਵਿਭਾਗ ਵਲੋਂ ਕੋਈ ਸਡਿਊਲ ਜਾਰੀ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਪਿਛਲੇ ਸਾਲ ਵੀ ਕਿਸੇ ਨੇ ਹੀ ਦਿਵਿਆਂਗ ਵਿਦਿਆਰਥੀਆਂ ਦੀਆਂ ਖੇਡਾਂ ਨਹੀ ਕਰਵਾਈਆ ਤੇ ਖਾਨਾ ਪੂਰਤੀ ਹੀ ਕਰਕੇ ਸਾਰ ਦਿੱਤਾ ਗਿਆ। ਉਹਨਾਂ ਕਿਹਾ ਕਿ ਅੱਜ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਲਈ ਸੰਸਾਰ ਭਰ 'ਚ ਦਿਵਿਆਂਗ ਦਿਹਾੜਾ ਮਨਾਇਆ ਜਾ ਰਿਹਾ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਦੀਆਂ ਵਿਸ਼ੇਸ਼ ਲੋੜਾਂ ਵੱਲ ਵਧੇਰੇ ਧਿਆਨ ਨਹੀਂ ਦਿੱਤਾ ਜਾਂਦਾ ਹੈ। ਉਨ੍ਹਾਂ ਨੂੰ ਕੇਵਲ ਵਿਚਾਰਾ ਕਹਿ ਕੇ ਖੂੰਝੇ ਲਾ ਦਿੱਤਾ ਜਾਂਦਾ ਹੈ। ਉਨਾ ਮੰਗ ਕੀਤੀ ਹੈਂ ਕਿ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦੀਆਂ ਖੇਡਾਂ ਜਲਦੀ ਤੋਂ ਜਲਦੀ ਕਰਵਾਈਆਂ ਜਾਣ ਤਾਂ ਜੋ ਬੇਸਬਰੀ ਨਾਲ ਉਡੀਕ ਕਰ ਰਹੇ ਸੂਬੇ ਭਰ ਦੇ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦੀਆਂ ਆਸਾਂ ਨੂੰ ਬੂਰ ਪੈ ਸਕੇ ਅਤੇ ਉਹ ਭਵਿੱਖ 'ਚ ਆਤਮ-ਨਿਰਭਰ ਬਣ ਸਕਣ।

# ਮਾਲੇਵਾਲ ਵਿਖੇ ਬਲਾਕ ਸੜੋਆ ਦੇ ਅਧਿਆਪਕਾਂ ਦੇ ਟੀਚਰ ਫੈਸਟ ਮੁਕਾਬਲੇ ਹੋਏ

## ਡੀ.ਈ.ਓ ਅਤੇ ਡਿਪਟੀ ਡੀ.ਈ.ਓ ਨੇ ਕੀਤਾ ਅਧਿਆਪਕਾਂ ਦਾ ਸਨਮਾਨ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਸਿੱਖਿਆ ਵਿਭਾਗ ਵਲੋਂ ਕਰਵਾਏ ਜਾ ਰਹੇ ਟੀਚਰ ਫੈਸਟ ਮੁਕਾਬਲੇ ਤਹਿਤ ਬਲਾਕ ਸੜੋਆ ਦੇ ਬਲਾਕ ਪੱਧਰੀ ਟੀਚਰ ਫੈਸਟ ਮੁਕਾਬਲੇ ਚੌਧਰੀ ਮੇਲਾ ਰਾਮ ਭੂੰਬਲਾ ਸ.ਸ.ਸ.ਸ. ਮਾਲੇਵਾਲ ਵਿਖੇ ਬਲਾਕ ਨੋਡਲ ਅਫ਼ਸਰ ਗੁਰਪ੍ਰੀਤ ਸੈਂਪਲਾ ਅਤੇ ਪ੍ਰਿੰਸੀਪਲ ਪਰਮਿੰਦਰ ਸਿੰਘ ਭਾਟੀਆ ਦੀ ਅਗਵਾਈ ਵਿਚ ਲੱਗਿਆ। ਦੋ ਦਿਨ ਚੱਲੇ ਮੁਕਾਬਲੇ ਵਿੱਚ ਬਲਾਕ ਸੜੋਆ ਦੇ ਅਪਰ ਪ੍ਰਾਇਮਰੀ ਸਕੂਲਾਂ ਦੇ ਵੱਖ ਵੱਖ ਵਿਸਿਆ ਦੇ ਅਧਿਆਪਕ ਭਾਗ ਲਿਆ। ਇਸ ਬਲਾਕ ਪੱਧਰੀ ਮੁਕਾਬਲੇ ਦੌਰਾਨ ਜੇਤੂ ਅਧਿਆਪਕਾ ਦਾ ਸਨਾਮਨ ਅਨੀਤਾ ਸਰਮਾ ਜਿਲ੍ਹਾ ਸਿੱਖਿਆ ਅਫਸਰ,ਲਖਵੀਰ ਸਿੰਘ ਉਪ ਜਿਲ੍ਹਾ ਸਿੱਖਿਆ ਅਫਸਰ, ਵਰਿੰਦਰ ਬੰਗਾ ਜਿਲ੍ਹਾ ਰਿਸੋਰਸ ਕੋਆਰਡੀਨੇਟਰ ਅਤੇ ਗੁਰਪ੍ਰੀਤ ਸਿੰਘ ਸੈਂਪਲਾ ਬਲਾਕ ਨੋਡਲ ਅਫਸਰ ਨੇ ਕੀਤਾ। ਇਸ ਮੌਕੇ ਆਪਣੇ ਸੰਬੋਧਨ ਵਿੱਚ ਅਜੀਤ ਸਰਮਾ ਡੀ.ਈ.ਓ ਅਤੇ ਲਖਵੀਰ ਸਿੰਘ ਡਿਪਟੀ ਡੀ.ਈ.ਓ ਨੇ ਕਿਹਾ ਕਿ ਅਜਿਹੇ ਮੁਕਾਬਲੇ ਅਧਿਆਪਕਾਂ ਨੂੰ ਸਮੇਂ ਦੇ ਹਾਣੀ ਬਣਾਉਦੇ ਹਨ। ਇਸ ਲਈ ਅਜਿਹੇ ਮੁਕਾਬਲਿਆ ਵਿੱਚ ਅਧਿਆਪਕਾਂ ਨੂੰ ਵੱਧ ਵੱਧ ਭਾਗ ਲੇਣਾ ਚਾਹੀਦਾ ਹੈ।

ਇਸ ਟੀਚਟ ਫੈਸਟ ਦੌਰਾਨ ਮਾਡਲ /ਟੀਚਿੰਗ ਏਡ ਥੀਮ ਵਿੱਚ ਮਾਸਟਰ ਗੁਰਨਾਮ ਸਿੰਘ ਕੁੱਕੜਸੂਹਾ ਨੇ ਪਹਿਲਾਂ,ਮਾਟਸਰ ਅੰਕੁਰ ਕੁੱਕੜਸ਼ੂਹਾ ਨੇ ਦੂਸਰਾ,ਸਰਿੰਦਰ ਕੁਮਾਰ ਕਰੀਮਪੁਰ ਚਾਹਵਾਲਾ ਨੇ ਤੀਸਰਾ,ਮਈਕਰੋ ਟੀਚਿੰਗ ਵਿੱਚ ਬਲਵੀਰ ਸਿੰਘ ਮਾਲੇਵਾਲ ਨੇ ਪਹਿਲਾਂ,ਅਨੁਰਾਧਾ ਮਾਲੇਵਾਲ ਨੇ ਦੂਸਰਾ,ਰੀਤਾ ਕੁੱਕੜਸ਼ੂਹਾ ਨੇ ਤੀਸਰਾ,ਆਈ.ਟੀ ਟੂਲ ਅਤੇ ਟੈਕਨਾਲੋਜੀ ਇਨ ਟੀਚਿੰਗ ਥੀਮ ਵਿੱਚ ਨਰੇਸ ਕੁਮਾਰ ਚਾਂਦਪੁਰ ਰੁੜਕੀ ਨੇ ਪਹਿਲਾਂ,ਲਖਵੀਰ ਸਿੰਘ ਛਦੌੜੀ ਨੇ ਦੂਸਰਾ,ਰਾਕੇਸ ਕੁਮਾਰ ਰੱਕੜਾਂਢਾਂਹਾ ਨੇ ਤੀਸਰਾ,ਸਪੈਸਲਾਈਜ਼ ਕਿੱਟ ਥੀਮ ਵਿੱਚ ਸਤਵਿੰਦਰ ਸਿੰਘ ਸੈਂਹਬੀ ਛਦੌੜੀ ਨੇ ਪਹਿਲਾਂ,ਡਾ.ਸੁਖਜੀਤ ਸਿੰਘ ਸਾਹਿਬਾ ਨੇ ਦੂਸਰਾ,ਮੀਨਾ ਕੁਮਾਰੀ ਸਾਧਵਾ ਨੇ ਤੀਸਰਾ,ਵਨ ਐਕਟ ਪਲੇ ਥੀਮ ਵਿੱਚ ਇੰਦਰਜੀਤ ਕੌਰ ਦਿਆਲ ਨੇ ਪਹਿਲਾਂ,ਰਵਿੰਦਰ ਕੁਮਾਰ ਚਧੌੜੀ ਨੇ ਦੂਸਰਾ,ਹਰਜਿੰਦਰ ਕੁਮਾਰ ਪੁੰਜੇਵਾਲ ਨੇ ਤੀਸਰਾ,ਸੁੰਦਰ ਲ਼ਿਖਾਈ ਥੀਮ ਵਿੱਚ ਇੰਦਰਜੀਤ ਕੌਰ ਦਿਆਲ ਨੇ ਪਹਿਲਾਂ,ਰੀਤੂ ਚੰਦਿਆਣੀ ਖੁਰਦ ਨੇ ਦੂਸਰਾ,ਰਾਜ ਕੁਮਾਰ ਮਾਲੇਵਾਲ ਨੇ ਤੀਸਰਾ,ਰੀਲ ਲਾਈਫ ਐਪਲੀਕੇਸ਼ਨ ਥੀਮ ਵਿੱਚ ਸੰਜੀਵ ਕੁਮਾਰ ਪੋਜੇਵਾਲ ਨੇ ਪਹਿਲਾਂ,ਦਲਜੀਤ ਕੌਰ ਰੱਕੜਾਂਢਹਾ ਨੇ ਦੂਸਰਾ,ਰਾਜਵਿੰਦਰ ਕੌਰ ਮੰਜੋਵਾਲ ਮਜਾਰਾ ਨੇ ਤੀਸਰਾ,ਮੈਨੁਅਲ ਗੇਮ ਅਤੇ ਵੀਡੀਓ ਗੇਮ ਥੀਮ ਵਿੱਚ ਮਨਜੀਤ ਕੌਰ ਬਛੌੜੀ ਨੇ ਪਹਿਲਾਂ,ਅਨੀਤਾ ਬਕਾਪੁਰ ਨੇ ਦੂਸਰਾ,ਰੂਪਾ ਰਾਣੀ ਕਰੀਮਪੁਰ ਧਿਆਨੀ ਨੇ ਤੀਸਰਾ,ਰੀਕਰੇਸ਼ਨਲ ਐਕਟੇਵਿਟੀ ਥੀਮ ਵਿੱਚ ਜਸਪਾਲ ਕੌਰ ਬਛੌੜੀ ਨੇ ਪਹਿਲਾਂ,ਸਰਬਜੀਤ ਕੌਰ ਚਾਦਪੁਰ ਰੁੜਕੀ ਨੇ ਦੂਸਰਾ ਅਤੇ ਵਿਜੇ ਕੁਮਾਰ ਸੜੋਆ ਨੇ ਤਸਿਰਾ ਸਥਾਨ ਪ੍ਰਾਪਤ ਕੀਤਾ ।ਇਸ ਮੌਕੇ ਰਾਮ ਸਰੂਪ ਸਰਪੰਚ ਮਾਲੇਵਾਲ,ਬ੍ਰਿਜ ਮੋਹਣ ਚੇਅਰਮੈਨ, ਰਾਕੇਸ ਕੁਮਾਰ ਇੰਚਰਜ, ਬਲਵੀਰ ਕੌਰ ਮੁੱਖ ਅਧਿਆਪਕਾ ਪੋਜੇਵਾਲ,ਸੁਨੀਤਾ ਕੁਮਾਰੀ ਮੁੱਖ ਅਧਿਆਪਕਾ ਚਾਂਦਪੁਰ ਰੁੜਕੀ, ਨਿਰਮਲ ਸਿਮਘ ਟੋਰੋਵਾਲ,ਲੈਕ ਹਰਵਿੰਦਰ ਸਿੰਘ, ਲੈਕ.ਤਜਿੰਦਰ ਕੁਮਾਰ,ਡਾ.ਸੁਖਜੀਤ ਸਿੰਘ, ਰਵਿੰਦਰ ਕੁਮਾਰ ਲਾਲੀ,ਸੁਰਿੰਦਰ ਕੁਮਾਰ, ਲੈਕ ਦਵਿੰਦਰ ਪਾਲ ਭਾਟੀਆ,ਵਿਜੇ ਕੁਮਾਰ ਪੋਜੇਵਾਲ, ਰਾਜ ਕੁਮਾਰੀ,ਬਲਵੀਰ ਸਿੰਘ ਬੰਟੀ,ਤਿਲਕ ਰਾਜ ਹੈਡ ਟੀਚਰ ,ਹਰਜਿੰਦਰ ਕੁਮਾਰ ਕਾਕਾ,ਅਮਰਜੀਤ ਸਿੰਘ ਬੀ.ਆਰ.ਸੀ,ਮਨਜੀਤ ਸਿੰਘ ਬੀ.ਆਰ.ਸੀ, ਹੇਮ ਰਾਜ,ਸੰਜੀਵ ਕੁਮਾਰ,ਨਰੇਸ ਕੁਮਾਰ,ਸੁਰਿੰਦਰ ਕੁਮਾਰ ਕਰੀਮਪੁਰ ਚਾਹਵਾਲਾ, ਆਦਿ ਸਮੇਤ ਸਮੂਹ ਅਧਿਆਪਕ ਹਾਜਰ ਸਨ। ਇਸ ਮੌਕੇ ਪ੍ਰਿੰਸੀਪਲ ਪਰਮਿੰਦਰ ਭਾਟੀਆ ਨੇ ਸਕੂਲ ਦੀ ਰਿਪੋਰਟ ਪੜੀ ਅਤੇ ਸੱਭ ਦਾ ਧੰਨਵਾਦ ਕੀਤਾ।





**ਸ.ਸ.ਸ.ਸ ਮਾਲੇਵਾਲ ਵਿਖੇ ਹੋਏ ਬਲਾਕ ਪੱਧਰੀ ਟੀਚਰ ਫੈਸਟ ਦੌਰਾਨ ਜੇਤੂ ਅਧਿਆਪਕਾਂ ਨੂੰ ਸਨਮਾਨਿਤ ਕਰਨ ਦਾ ਦ੍ਰਿਸ॥**

# ਦਾਣਾ ਮੰਡੀ ਨਵਾਂ ਸ਼ਹਿਰ ਵਿਖੇ 19ਵਾਂ ਸੰਤ ਸੰਮੇਲਨ 13 ਦਸੰਬਰ 2025 ਨੂੰ ਕਰਵਾਇਆ ਜਾਵੇਗਾ

**ਨਵਾਂ ਸ਼ਹਿਰ : (ਚਰਨਜੀਤ ਸੱਲ੍ਹਾਂ )** ਸ੍ਰੀ ਗੁਰੂ ਰਵਿਦਾਸ ਵੈੱਲਫੇਅਰ ਟਰੱਸਟ ਰਜਿ. ਨਵਾਂ ਸ਼ਹਿਰ ਵਲੋਂ ਦਾਣਾ ਮੰਡੀ ਨਵਾਂ ਸ਼ਹਿਰ ਜਿਲ੍ਹਾ ਸ਼. ਭ. ਸ. ਨਗਰ ਵਿਖੇ 19ਵਾਂ ਮਹਾਨ ਸੰਤ ਸੰਮੇਲਨ ਤੇ ਕੀਰਤਨ ਦਰਬਾਰ 13 ਦਸੰਬਰ 2025 ਦਿਨ ਸ਼ਨੀਵਾਰ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ 108 ਸੰਤ ਨਿਰੰਜਨ ਦਾਸ ਜੀ ਗੱਦੀ ਨਸ਼ੀਨ ਡੇਰਾ ਸੰਤ ਸਰਵਣ ਦਾਸ ਜੀ ਸੱਚ ਖੰਡ ਬੱਲਾਂ ਦੀ ਸਰਪ੍ਰਸਤੀ ਹੇਠ ਕਰਵਾਇਆ ਜਾਵੇਗਾ। ਇਸ ਸੰਤ ਸੰਮੇਲਨ ਦਾ ਪੋਸਟਰ ਅੰਮ੍ਰਿਤ ਬਾਣੀ ਭਵਨ ਨਵਾਂ ਸ਼ਹਿਰ ਵਿਖੇ ਰਿਲੀਜ਼ ਕਰਦੇ ਹੋਏ ਮੈਂਬਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਤ ਸੰਮੇਲਨ ਦੇ ਆਰੰਭ ਵਿੱਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਅੰਮ੍ਰਿਤਬਾਣੀ ਦੇ ਸੰਪੂਰਨ ਜਾਪ ਕਰਵਾਏ ਜਾਣਗੇ। ਉਪਰੰਤ ਕੀਰਤਨ ਦਰਬਾਰ ਵਿੱਚ ਮਿਸ਼ਨਰੀ ਗਾਇਕ ਐੱਸ. ਐੱਸ. ਆਜ਼ਾਦ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ



ਇਤਿਹਾਸ ਨਾਲ ਜੋੜਨਗੇ।)ਇਸ ਸੰਤ ਸੰਮੇਲਨ ਵਿੱਚ ਸਰਵ ਸ਼੍ਰੀ 108 ਸੰਤ ਨਿਰੰਜਨ ਦਾਸ ਜੀ ਡੇਰਾ ਸੱਚਖੰਡ ਬੱਲਾਂ, ਸੰਤ ਗੁਰਦੀਪ ਗਿਰੀ ਜੀ ਡੇਰਾ ਪਠਾਨਕੋਟ, ਸੰਤ ਪ੍ਰੀਤਮ ਦਾਸ ਜੀ ਡੇਰਾ ਸੰਗਤ ਪੁਰ, ਸੰਤ ਕ੍ਰਿਸ਼ਨ ਨਾਥ ਜੀ ਡੇਰਾ ਚਹੇੜੂ, ਸੰਤ ਪਰਦੀਪ ਦਾਸ ਜੀ ਕੂਪੁਰ ਢੇਪੁਰ, ਸੰਤ ਲੇਖ ਰਾਜ ਜੀ ਨੂਰਪੁਰ , ਸੰਤ ਹਰਵਿੰਦਰ ਦਾਸ ਜੀ ਡੇਰਾ ਈਸਪੁਰ, ਸੰਤ ਸੁਖਵਿੰਦਰ ਦਾਸ ਜੀ ਡੇਰਾ ਢੱਡੇ, ਸਾਈਂ ਬਾਬਾ ਪੱਪਲ ਸ਼ਾਹ ਜੀ ਭਰੋ ਮਜਾਰਾ ਆਦਿ ਆਪਣੇ ਪ੍ਰਵਚਨਾਂ ਰਾਹੀਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਵਿਚਾਰਧਾਰਾ ਨਾਲ ਜੋੜਣਗੇ ਅਤੇ ਜੀਵਨ ਸੇਧ ਪ੍ਰਦਾਨ ਕਰਨਗੇ। ਇਸ ਸੰਤ ਸੰਮੇਲਨ ਵਿੱਚ ਜ਼ਿਲ੍ਹਾ ਨਵਾਂਸ਼ਹਿਰ ਦੇ ਸ਼੍ਰੀ ਗੁਰੂ ਰਵਿਦਾਸ ਟਰੱਸਟ, ਸਭਾਵਾਂ ਅਤੇ ਅਖਿਲ ਭਾਰਤੀਯ ਰਵਿਦਾਸੀਆ ਧਰਮ ਸੰਗਠਨ ਪੰਜਾਬ ਦਾ ਵਿਸ਼ੇਸ਼ ਸਹਿਯੋਗ ਰਹੇਗਾ। ਇਸ ਮੌਕੇ ਤੇ ਸਰਵ ਸ੍ਰੀ ਸੱਤ ਪਾਲ ਸਾਹਲੋਂ, ਪਰਮਜੀਤ ਮਹਾਲੋਂ , ਜੋਗਿੰਦਰ ਸਿੰਘ ਮੈਂਗੜਾ, ਰਾਮ ਆਸਰਾ, ਹਰਮੇਸ਼ ਥਾਦੀਆਂ, ਨਿਰਮਲ ਭੰਗਲਾਂ, ਝਲਮਣ ਹੰਸਰੋਂ, ਦਰਸ਼ਨ ਰਾਮ ਪੱਲੀ ਉੱਚੀ, ਹਰਮੇਸ਼ ਮੇਸ਼ੀ, ਬਿੱਟੂ ਮਿਸਤਰੀ ਨਵੀਂ ਆਬਾਦੀ ਆਦਿ ਮੈਂਬਰਾਂ ਨੇ ਭਾਗ ਲਿਆ ।ਇਸ ਮੌਕੇ ਸੰਗਤਾਂ ਲਈ ਗੁਰੂ ਦਾ ਅਟੁੱਟ ਲੰਗਰ ਵਰਤਾਇਆ ਜਾਵੇਗਾ।

# ਨਰਸਿੰਗ ਕਾਲਜ ਢਾਹਾਂ ਕਲੇਰਾਂ ਦੀ ਵਿਦਿਆਰਥੀ ਹਰਨੂਰ ਕੌਰ ਨੇ ਬੀ.ਐਸ.ਸੀ. ਨਰਸਿੰਗ (ਤੀਜਾ ਸਮੈਸਟਰ) ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ

**ਬੰਗਾ (ਚਰਨਜੀਤ ਸੱਲ੍ਹਾਂ)** ਨਰਸਿੰਗ ਵਿਦਿਅਕ ਖੇਤਰ ਦੀ ਪ੍ਰਮੁੱਖ ਸੰਸਥਾ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਬੀ.ਐਸ.ਸੀ. ਨਰਸਿੰਗ ਬੈਚ 2023-2027 ਤੀਜਾ ਸਮੈਸਟਰ ਦਾ ਨਤੀਜਾ ਸ਼ਾਨਦਾਰ 100% ਫੀਸਦੀ ਆਇਆ ਹੈ । ਨਰਸਿੰਗ ਵਿਦਿਆਰਥੀਆਂ ਦੀ ਸ਼ਾਨਦਾਰ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੰਦੇ ਪ੍ਰਿੰਸੀਪਲ ਰਮਨਦੀਪ ਕੌਰ ਕੰਗ ਕਿਹਾ ਕਿ ਬੀ.ਐਸ.ਸੀ.ਨਰਸਿੰਗ (ਤੀਜਾ ਸਮੈਸਟਰ) ਕਲਾਸ ਵਿਚੋਂ ਪਹਿਲਾ ਸਥਾਨ ਹਰਨੂਰ ਕੌਰ ਪੁੱਤਰੀ ਕੁਲਵਿੰਦਰ ਸਿੰਘ-ਨਿਰਮਲਜੀਤ ਕੌਰ ਨਵਾਂਸ਼ਹਿਰ ਨੇ 7.24 ਐਸ ਜੀ ਪੀ ਏ ਅੰਕ ਪ੍ਰਾਪਤ ਕਰਕੇ ਪ੍ਰਾਪਤ ਕੀਤਾ ਹੈ, ਜਦ ਕਿ ਦੂਜਾ ਸਥਾਨ ਦਪਿੰਦਰ ਕੌਰ ਪੁੱਤਰੀ ਸ. ਸੁਖਦੀਪ ਸਿੰਘ-ਪਵਿੱਤਰਜੀਤ ਕੌਰ ਮੋਹਾਲੀ ਨੇ 7.18 ਐਸ ਜੀ ਪੀ ਏ ਅੰਕਾਂ ਨਾਲ ਪ੍ਰਾਪਤ ਕੀਤਾ ਹੈ । ਇਸੇ ਤਰ੍ਹਾਂ ਤੀਜਾ ਸਥਾਨ ਪੰਜ ਵਿਦਿਆਰਥੀਆਂ ਨਵਨੀਤ ਕੌਰ ਪੁੱਤਰੀ ਰੌਣਕ ਸਿੰਘ ਅਨੰਦਪੁਰ ਸਾਹਿਬ, ਨਵਜੀਤ ਜਾਂਗੜਾ ਪੁੱਤਰੀ ਬਾਲਕ ਰਾਮ ਨਵਾਂਸ਼ਹਿਰ, ਅਮਨਿੰਦਰ ਕੌਰ ਪੁੱਤਰੀ ਅਮਰੀਕ ਸਿੰਘ ਨੰਗਲ, ਦੀਪਕਾ ਪੁੱਤਰੀ ਬਲਵਿੰਦਰ ਸਿੰਘ ਨਵਾਂਸ਼ਹਿਰ ਅਤੇ ਹਰਦੀਪ ਸਿੰਘ ਸੈਣੀ ਪੁੱਤਰ ਸੋਹਣ ਸਿੰਘ ਅਨੰਦਪੁਰ ਸਾਹਿਬ ਨੇ ਇਕੋ ਜਿਹੇ ਅੰਕ ਹਾਸਲ ਕਰਕੇ ਕੀਤਾ । ਇਸ ਮੌਕੇ ਕਾਲਜ ਦੇ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਬੀ.ਐਸ.ਸੀ. ਨਰਸਿੰਗ ਦੇ ਸ਼ਾਨਦਾਰ ਨਤੀਜੇ ਲਈ ਸਮੂਹ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈਆਂ ਦਿੱਤੀਆਂ । ਇਸ ਮੌਕੇ ਮੈਡਮ ਸੁਖਮਿੰਦਰ ਕੌਰ ਊਬੀ, ਮੈਡਮ ਸਰਬਜੀਤ ਕੌਰ ਕਲਾਸ ਇੰਚਾਰਜ, ਮੈਡਮ ਮਨਦੀਪ ਕੌਰ ਕਲਾਸ ਇੰਚਾਰਜ, ਮੈਡਮ ਸੰਦੀਪ ਸੂਦਨ, ਸ੍ਰੀ ਰਮਨ ਕੁਮਾਰ ਅਤੇ ਕਲਾਸ ਦੇ ਟੌਪਰ ਨਰਸਿੰਗ ਵਿਦਿਆਰਥੀ ਹਾਜ਼ਰ ਸਨ ।



**ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਬੀ.ਐਸ.ਸੀ. ਨਰਸਿੰਗ (ਤੀਜਾ ਸਮੈਸਟਰ) ਦੇ ਪਹਿਲੇ ਅਤੇ ਦੂਜੇ ਸਥਾਨ 'ਤੇ ਆਏ ਟੌਪਰ ਵਿਦਿਆਰਥੀ।**

# ਥਾਣਾ ਮੇਹਟੀਆਣਾ ਦੀ ਪੁਲਿਸ ਨੇ 75 ਨਸ਼ੀਲੀਆਂ ਗੋਲੀਆਂ 40 ਕੈਪਸੂਲ ਤੇ 3850 ਰੁਪਏ ਸਮੇਤ ਕੀਤਾ ਕਥਿਤ ਦੋਸ਼ੀ ਨੂੰ ਗ੍ਰਿਫਤਾਰ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** - ਸੰਦੀਪ ਮਲਿਕ ਆਈ.ਪੀ.ਐਸ.ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਵੱਲੋ ਦਿੱਤੇ ਦਿਸ਼ਾ ਨਿਰਦੇਸਾ ਅਤੇ ਪਰਮਿੰਦਰ ਸਿੰਘ ਹੀਰ ਪੀ.ਪੀ.ਐਸ, ਪੁਲਿਸ ਕਪਤਾਨ ਤਫਤੀਸ਼ ਦੀ ਰਹਿਨੁਮਾਈ ਹੇਠ ਨਸ਼ੀਲੀਆ ਵਸਤੂਆ ਦੀ ਸਮੱਗਲਿਗ ਕਰਨ ਵਾਲੇ ਵਿਅਕਤੀਆ ਦੇ ਖਿਲਾਫ ਮੁਹਿੰਮ ਸੁਰੂ ਕੀਤੀ ਗਈ । ਇਸ ਮੁਹਿੰਮ ਤਹਿਤ ਪਲਵਿੰਦਰ ਸਿੰਘ ਉਪ ਪੁਲਿਸ ਕਪਤਾਨ ਚੱਬੇਵਾਲ ਦੇ ਦਿਸ਼ਾ ਨਿਰਦੇਸ਼ਾ ਤੇ ਇੰਸਪੈਕਟਰ ਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਮੇਹਟੀਆਣਾ ਵੱਲੋਂ ਉਚ ਅਫਸਰਾਂ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਏ ਐਸ ਆਈ ਕੌਸ਼ਲ ਚੰਦਰ ਇੰਚਾਰਜ ਚੋਕੀ ਅਜਨੋਹਾ ਸਮੇਤ ਸਾਥੀ ਕਰਮਚਾਰੀਆਂ ਨਾਲ ਸ਼ੱਕੀ ਪੁਰਸ਼ਾ ਦੀ ਚੈਕਿੰਗ ਦੇ ਸਬੰਧ ਵਿੱਚ ਪਿੰਡ ਨਡਾਲੋਂ ਚੌਕ ਵਿੱਚ



ਮੌਜੂਦ ਸੀ ਕਿ ਇੱਕ ਨੌਜਵਾਨ ਲੜਕਾ ਮੋਟਰ ਸਾਈਕਲ ਨੰਬਰੀ ਪੀ.ਬੀ.24-ਈ-7583 ਸਪਲੈਂਡਰ ਤੇ ਆ ਰਿਹਾ ਸੀ ਜਿਸਨੇ ਪੁਲਿਸ ਪਾਰਟੀ ਨੂੰ ਦੇਖਕੇ ਯੱਕਦਮ ਘਬਰਾ ਕੇ ਇੱਕ ਮੋਮੀ ਲਿਫਾਫਾ ਸੁੱਟ ਕੇ ਪਿੱਛੇ ਨੂੰ ਜਾਣ ਲੱਗਾ ਤਾਂ ਜਿਸਨੂੰ ਏ ਐਸ ਆਈ ਕੌਸ਼ਲ ਚੰਦਰ ਇੰਚਾਰਜ ਚੋਕੀ ਅਜਨੋਹਾ ਨੇ ਸਾਥੀ ਕਰਮਚਾਰੀਆਂ ਦੇ ਸਮੇਤ ਸ਼ੱਕ ਦੀ ਬਿਨਾਹ ਤੇ ਕਾਬੂ ਕਰਕੇ ਉਸਦਾ ਨਾਮ ਪਤਾ ਪੁਛਿਆ, ਜਿਸਨੇ ਆਪਣਾ ਨਾਮ ਪਰਮਿੰਦਰ ਸਿੰਘ ਉਰਫ ਪਰਮ ਦੱਸਿਆ ਜਿਸਦੀ ਤਲਾਸ਼ੀ ਕੀਤੀ ਗਈ ਤਾਂ ਉਸ ਕੋਲੋ 46 ਖੁੱਲੀਆਂ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆ ਜਿਸ ਤੇ ਐਨ ਡੀ ਪੀ ਐਸ ਐਕਟ ਥਾਣਾ ਮੇਹਟੀਆਣਾ ਵਿਖੇ ਮੁਕੱਦਮਾ ਦਰਜ ਕੀਤਾ ਗਿਆ,ਉਹਨਾਂ ਦੱਸਿਆ ਕਿ ਤਫਤੀਸ਼ ਦੌਰਾਨ ਕਥਿਤ ਦੋਸ਼ੀ ਪਰਮਿੰਦਰ ਸਿੰਘ ਦੀ ਪੁੱਛ ਗਿੱਛ ਤੇ ਜਸਵੰਤ ਸਿੰਘ ਉਰਫ ਜੱਸੀ ਅਤੇ ਹੁਸ਼ਿਆਰ ਸਿੰਘ ਉਰਫ ਹੈਪੀ ਪੁੱਤਰਾਨ ਮਹਿੰਦਰ ਸਿੰਘ ਵਾਸੀ ਅਜਨੋਹਾ ਥਾਣਾ ਮੇਹਟੀਆਣਾ ਨੂੰ ਮੁਕੱਦਮਾ ਵਿੱਚ ਦੋਸ਼ੀ ਨਾਮਜਦ ਕੀਤਾ ਗਿਆ ਜਿਸਤੇ ਜਸਵੰਤ ਸਿੰਘ ਉਰਫ ਜੱਸੀ ਅਤੇ ਹੁਸ਼ਿਆਰ ਸਿੰਘ ਉਰਫ ਹੈਪੀ ਕੋਲੋ ਪੁੱਛਗਿੱਛ ਦੋਰਾਨ ਹੁਸ਼ਿਆਰ ਸਿੰਘ ਦੀ ਨਿਸ਼ਾਨਦੇਹੀ ਤੇ ਖੁੱਲੀਆਂ 29 ਨਸ਼ੀਲੀਆਂ ਗੋਲੀਆਂ, 40 ਕੈਪਸੂਲ ਤੇ 3850 ਰੁਪਏ ਡਰੱਗ ਮਨੀ ਬ੍ਰਾਮਦ ਕੀਤੀ ਗਈ।**ਫੋਟੋ ਅਜਮੇਰ ਦੀਵਾਨਾ**

# ਏਕਮ ਪਬਲਿਕ ਸਕੂਲ ਮਹਿਤਪੁਰ ਵਿੱਚ 'ਅੰਬਰ ਦਾ ਹਾਈ ਫਲਾਅਰਜ਼' ਦੇ ਸਿਰਲੇਖ ਹੇਠ ਕਰਵਾਇਆ ਗਿਆ ਸਲਾਨਾ ਸਮਾਗਮ








**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਏਕਮ ਪਬਲਿਕ ਸਕੂਲ ਮਹਿਤਪੁਰ ਵਿੱਚ 'ਅੰਬਰ ਦਾ ਹਾਈ ਫਲਾਅਰਜ਼' ਦੇ ਸਿਰਲੇਖ ਹੇਠ ਸਲਾਨਾ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਇਲਾਕੇ ਦੇ ਐੱਮ ਐੱਲ ਏ ਸਰਦਾਰ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਸਰਦਾਰ ਪਰਮਿੰਦਰ ਸਿੰਘ ਪਿੰਦਰ ਪੰਡੋਰੀ, ਹਲਕਾ ਇੰਚਾਰਜ ਆਮ ਆਦਮੀ ਪਾਰਟੀ , ਸ਼੍ਰੀ ਐੱਸ ਕੇ ਮਲਹੋਤਰਾ, ਸੀਨੀਅਰ ਐਡਵੋਕੇਟ ਸਿਵਲ ਕੋਰਟ ਨਕੋਦਰ, ਸਰਦਾਰ ਓਂਕਾਰ ਸਿੰਘ ਬਰਾੜ ਡੀ ਐੱਸ ਪੀ ਨਕੋਦਰ, ਸਰਦਾਰ ਸੁਖਪਾਲ ਸਿੰਘ ਡੀ ਐੱਸ ਪੀ ਸ਼ਾਹਕੋਟ ਅਤੇ ਪੰਕਜ ਕੁਮਾਰ ਐੱਸ ਐੱਚ ਓ ਮਹਿਤਪੁਰ, ਗੈਸਟ ਆਫ਼ ਦੀ ਡੇਅ ਵਜੋਂ ਸ਼ਾਮਿਲ ਹੋਏ। ਮਹਿਮਾਨਾਂ ਦਾ ਸਵਾਗਤ ਉਨ੍ਹਾਂ ਨੂੰ ਖੂਬਸੂਰਤ ਫ਼ੁੱਲਾਂ ਦੇ ਬੁੱਕੇ ਦੇ ਕੇ ਨਿੱਘੇ ਸ਼ਬਦਾਂ ਨਾਲ ਕੀਤਾ ਗਿਆ। ਸਮਾਰੋਹ ਦੀ ਸ਼ੁਰੂਆਤ ਮੁੱਖ ਮਹਿਮਾਨ ਸਰਦਾਰ ਹਰਦੇਵ ਸਿੰਘ ਜੀ ਸਾਡੀ ਸ਼ੇਰੋਵਾਲੀਆ, ਨਿਰਮਲ ਸਿੰਘ ਥਿੰਦ,ਸਰਦਾਰ ਦਲਜੀਤ ਸਿੰਘ,ਪ੍ਰਿੰਸੀਪਲ ਸ਼੍ਰੀਮਤੀ ਅਮਨਦੀਪ ਕੌਰ ,ਸਰਦਾਰ ਸੁਰਿੰਦਰ ਸਿੰਘ ਥਿੰਦ,ਸਰਦਾਰ ਸੁਖਵਿੰਦਰ ਸਿੰਘ ਥਿੰਦ, ਸ਼੍ਰੀਮਤੀ ਅਮਰਜੀਤ ਕੌਰ, ਅਤੇ ਕੁੰਵਰ ਅਰਮਾਨ ਸਿੰਘ ਵਲੋਂ ਸਾਂਝੇ ਤੌਰ ਤੇ ਸ਼ਮਾਂ ਰੌਸ਼ਨ ਕਰਕੇ ਕੀਤੀ ਗਈ। ਇਸ ਉਪਰੰਤ ਸਕੂਲ ਵਿਦਿਆਰਥੀਆਂ ਵਲੋਂ ਸ਼ਬਦ ਗਾਇਨ ਕੀਤਾ ਗਿਆ। ਸਕੂਲ ਦੇ ਵਿਦਿਆਰਥੀਆਂ ਵਲੋਂ 'ਅੰਬਰ' ਸਿਰਲੇਖ ਹੇਠ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸਨੇ ਆਏ ਹੋਏ ਸਭ ਮਹਿਮਾਨਾਂ ਅਤੇ ਮਾਪਿਆਂ ਨੂੰ ਕੀਲ ਕੇ ਰੱਖ ਲਿਆ। ਛੋਟੇ ਛੋਟੇ ਬੱਚਿਆਂ ਵਲੋਂ ਪੇਸ਼ ਕੀਤੀਆਂ ਗਈਆਂ ਆਈਟਮਜ਼, ਜਿੰਨਾ ਵਿੱਚ ਸੁਨੋ ਬੱਚੋਂ, ਬਾਰਬੀ,ਤਾਰੇ ਜ਼ਮੀਂ ਪਰ,ਸਕਾਈ ਫਿਲ ਆਫ਼ ਸਟਾਰਜ਼ ਦੁਆਰਾ ਕੀਲ ਕੇ ਰੱਖ ਲਿਆ ਗਿਆ। ਇਸੇ ਪ੍ਰਕਾਰ ਇੰਨਕਰੈਡੀਬਲ ਇੰਡੀਆ,ਚੇਅਰ ਡਾਂਸ, ਰੱਟਾ ਮਾਰ , ਰੋਟੀ, ਬਾਬੁਲ ਦਾ ਵਿਹੜਾ ,ਪੰਜਾਬੀ ਵਿਰਸੇ ਦੀ ਜਾਨ ਗਿੱਧਾ ਅਤੇ ਭੰਗੜੇ ਜਿਹੀਆਂ ਆਈਟਮਜ਼ ਨੇ ਹਰ ਇੱਕ ਦੇ ਦਿਲ ਦੀ ਧੜਕਣ ਨੂੰ ਵਧਾ ਦਿੱਤਾ।ਇਸਦੇ ਨਾਲ ਹੀ ਬੱਚਿਆਂ ਵਲੋਂ ਪੇਸ਼ ਕੀਤੇ ਗਏ ਪੰਜਾਬੀ ਨਾਟਕ 'ਬਚਪਨ ਦਾ



ਲੌਸਟ ਚਾਇਲਡਹੁੱਡ' ਨੇ ਆਪਣੀ ਪੇਸ਼ਕਾਰੀ ਨਾਲ ਸਭ ਦੇ ਮਨ ਨੂੰ ਮੋਹ ਲਿਆ। ਇਸ ਮੌਕੇ ਸਕੂਲ ਮੈਂਨਜਮੈਂਟ ਮੈਂਬਰ ਸਰਦਾਰ ਸੁਖਵਿੰਦਰ ਸਿੰਘ ਥਿੰਦ ਜੀ ਨੇ ਵਿਦੇਸ਼ ਤੋਂ ਉਚੇ-ਚੇ ਤੌਰ ਤੇ ਸ਼ਿਰਕਤ ਕਰਕੇ ਸਮਾਰੋਹ ਨੂੰ ਚਾਰ ਚੰਨ ਲਾਏ। ਇਸ ਸਕੂਲ ਸਮਾਰੋਹ ਵਿੱਚ 20 ਵਿਦਿਆਰਥੀਆਂ ਨੂੰ ਬੈਸਟ ਅਟੈਂਡੈਂਟਸ ਐਵਾਰਡ ਨਾਲ ਨਿਵਾਜ਼ਿਆ ਗਿਆ।ਇਸਦੇ ਨਾਲ ਹੀ ਬੋਰਡ ਕਲਾਸ ਦੇ ਦਸਵੀਂ ਦੇ 6 ਵਿਦਿਆਰਥੀਆਂ ਨੂੰ ਪੰਜਾਬੀ ਵਿਸ਼ੇ ਵਿਚੋਂ ਸੌ ਪ੍ਰਤੀਸ਼ਤ ਅੰਕ ਪ੍ਰਾਪਤ ਕਰਨ ਲਈ ਸਨਮਾਨਿਤ ਕੀਤਾ ਗਿਆ। ਇਸ ਸਮੇਂ ਸਕੂਲ ਮੈਂਨਜਮੈਂਟ ਵਲੋਂ ਸਕੂਲ ਦੇ ਬਾਰਵੀਂ ਜਮਾਤ ( ਆਰਟਸ) ਦੇ ਵਿਦਿਆਰਥੀ ਏਕਮਪ੍ਰੀਤ ਸਿੰਘ ਨੂੰ ਸ਼ਬਦ ਕੀਰਤਨ ਕਰਨ ਲਈ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਇਸਦੇ ਨਾਲ ਹੀ ਪਿਛਲੇ ਸਾਲ ਦੇ 215 ਪੁਜੀਸ਼ਨ ਹੋਲਡਰ ਬੱਚਿਆਂ ਨੂੰ ਇਨਾਮ ਤਸਦੀਕ ਕੀਤੇ ਗਏ। ਇਸ ਇਨਾਮ ਵੰਡ ਸਮਾਰੋਹ ਵਿੱਚ ਮਹਿੰਦਰ ਪਾਲ ਸਿੰਘ ਟੂਰਨਾ (ਐੱਮ ਸੀ) , ਸੁਖਵਿੰਦਰ ਸਿੰਘ, ਹਨੀ ਪਸਰੀਚਾ, ਨਰਿੰਦਰ ਅਰੋੜਾ, ਸੁਰਜੀਤ ਸਿੰਘ ਮਾਨ, ਡਾਕਟਰ ਮਨਿੰਦਰ ਟੂਰਨਾ,ਸੁਖਦੇਵ ਸਿੰਘ ਜੱਜ ਐੱਮ ਡੀ, ਅਕਾਲ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਪ੍ਰਦੀਪ ਕੁਮਾਰ ਐੱਮ ਡੀ, ਕੁਮਾਰੀ ਅਰੁਣ ਜੱਸਲ ਐੱਮ ਡੀ, ਮਦਰ'ਜ਼ ਪ੍ਰਾਇਡ ਸਕੂਲ ਅਤੇ ਮੈਂਬਰਾਨ ਪਰੈੱਸ ਕਲੱਬ ਮਹਿਤਪੁਰ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਸਕੂਲ ਮੈਂਨਜਮੈਂਟ ਵਲੋਂ ਆਏ ਹੋਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੱਚਿਆਂ ਦੇ ਮਾਤਾ ਪਿਤਾ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ। ਸਕੂਲ ਪ੍ਰਿੰਸੀਪਲ ਸ਼੍ਰੀਮਤੀ ਅਮਨਦੀਪ ਕੌਰ ਵਲੋਂ ਆਏ ਹੋਏ ਸਾਰੇ ਹੀ ਮਹਿਮਾਨਾਂ ਨੂੰ ਬਹੁਤ ਹੀ ਅਪਣੱਤ ਭਰੇ ਸ਼ਬਦਾਂ ਨਾਲ ਜੀ ਆਇਆਂ ਆਖਿਆ ਗਿਆ। ਸਟੇਜ ਸੰਚਾਲਕ ਮੈਡਮ ਸਵਪਨਦੀਪ ਕੌਰ ਅਤੇ ਸਰਦਾਰ ਰਣਜੋਤ ਸਿੰਘ ਵਲੋਂ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਕੀਤਾ ਗਿਆ। ਅਖੀਰ ਵਿੱਚ ਸਕੂਲ ਡਾਇਰੈਕਟਰ ਸਰਦਾਰ ਨਿਰਮਲ ਸਿੰਘ ਥਿੰਦ ਵਲੋਂ ਸਾਰੇ ਹੀ ਅਧਿਆਪਕਾਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ।

# ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਪ੍ਰੀਨਿਰਵਾਣ ਦਿਵਸ 8 ਦਸੰਬਰ ਨੂੰ ਜ਼ਰੂਰ ਪਹੁੰਚੋ ਜੀ : ਪ੍ਰੀਆ ਅੰਬੇਡਕਰ

**ਜਲੰਧਰ( ਚਰਨਜੀਤ ਸੱਲ੍ਹਾਂ )** ਬਾਬਾ ਸਾਹਬ ਡਾ. ਅੰਬੇਡਕਰ ਜੀ ਦੇ ਪ੍ਰੀਨਿਰਵਾਣ ਦਿਵਸ ਨਾਲ ਸੰਬੰਧਿਤ ਪਿੰਡ ਧੰਨੌਵਾਲੀ ਜਲੰਧਰ ਵਿਖ਼ੇ ਪ੍ਰੋਗਰਾਮ ਰੱਖਿਆ ਗਿਆ ਹੈ ਪ੍ਰੋਗਰਾਮ ਵਿਚ 'ਆਵਾਜ਼ ਏ ਕ੍ਰੌਮ' ਸੰਤ "ਕ੍ਰਿਸ਼ਨ ਨਾਥ ਜੀ ਚਿਹੇੜੂ ਵਾਲੇ" ਮੁੱਖ ਮਹਿਮਾਨ ਦੇ ਰੂਪ ਚ ਸ਼ਿਰਕਤ ਕਰਨਗੇ ਲ ਅਤੇ ਸਮਾਜ ਚ ਆਪਣਾ ਅਹਿਮ ਰੋਲ ਅਦਾ ਕਰਨ ਵਾਲੇ ਸਤਿਕਾਰਯੋਗ ਮਿਸ਼ਨਰੀ, ਸੂਝਵਾਨ ,ਸਮਾਜ ਨੂੰ ਸੇਧ ਦੇਣ ਵਾਲੇ ,ਗਿਆਨਵਾਨ ਬੁਲਾਰੇ ਜਿੰਨਾ ਵਿਚ ਮਿਸ਼ਨਰੀ ਲੇਖਕ ਸ਼੍ਰੀ ਸੋਹਣ ਸਹਿਜਲ ਜੀ ਅਤੇ ਐਡਵੋਕੇਟ ਨਵਰਾਜ ਸਿੰਘ ਜੀ (ਪੰਜਾਬ ਅਤੇ ਹਰਿਆਣਾ ਹਾਈ ਕੋਰਟ ) ਅਤੇ ਸ਼੍ਰੀ ਤੀਰਥ ਬਸਰਾ ਜੀ ਜੋ ਨਵਾਬ ਜੱਸਾ ਸਿੰਘ ਆਹਲੂਵਾਲੀਆ ਕਾਲਜ ਕਪੂਰਥਲਾ ਵਿਚ ਪ੍ਰਿੰਸੀਪਲ




ਦੇ ਅਹੁਦੇ ਉੱਤੇ ਬਿਰਾਜਮਾਨ ਹਨ, ਸਮਾਜ ਨੂੰ ਸੇਧ ਦੇਣ ਲਈ ਪ੍ਰੋਗਰਾਮ ਚ ਉਪਸਥਿਤ ਹੋਣਗੇ ਲ ਮੈਂ ਪ੍ਰੋਗਰਾਮ ਵਿਚ ਪਹੁੰਚ ਰਹੇ ਮੁੱਖ ਮਹਿਮਾਨ ਅਤੇ ਮੁੱਖ ਬੁਲਾਰਿਆ ਦਾ ਤਹਿ ਦਿਲ ਤੋਂ ਧੰਨਵਾਦ ਕਰਦੀ ਹਾਂ । ਇਸ ਮੌਕੇ ਪ੍ਰੋਗਰਾਮ ਵਿਚ ਸਾਡੇ ਸਤਿਕਾਰਯੋਗ ਮਿਸ਼ਨਰੀ ਲੇਖਕ ਸ਼੍ਰੀ ਬਲਵਿੰਦਰ ਪੁਆਰ ਜੀ ਸਟੇਜ ਸੈਕਟਰੀ ਵਜੋ ਭੂਮਿਕਾ ਨਿਭਾਉਣਗੇ ਪਿੰਡ ਵਿਚ ਬਾਬਾ ਸਾਬ ਦੀ ਸੋਚ ਨੂੰ ਅੱਗੇ ਵਧਾਉਣ ਦਾ ਕਾਰਜ ਸਾਥੀਆਂ ਵਲੋਂ ਆਰੰਭਿਆ ਗਿਆ ਹੈ ਜਿਸ ਵਿਚ ਮਨਦੀਪ ਧੰਨੋਵਾਲੀ ਜੀ ਸੇਵਾ ਨਿਭਾ ਰਹੇ ਹਨ । ਇਹ ਪ੍ਰੋਗਰਾਮ 8 ਦਸੰਬਰ ਨੂੰ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਪ੍ਰੀਨਿਰਵਾਣ ਦਿਵਸ ਨੂੰ ਸਮਰਪਿਤ ਹੋਵੇਗਾ। ਆਪ ਸਭ ਨੂੰ ਬੇਨਤੀ ਹੈ ਕੇ ਪਰਿਵਾਰ ਸਮੇਤ ਪ੍ਰੋਗਰਾਮ ਚ ਜ਼ਰੂਰ ਸ਼ਾਮਲ ਹੋਇਓ ਧੰਨਵਾਦ

**ਜੈ ਭੀਮ ਜੈ ਭਾਰਤ**

**ਨਮੋ ਬੁੱਧਏ**

**ਪ੍ਰਿਆ ਅੰਬੇਦਕਰ**

# ਪੰਜਾਬ ਦੇ ਦਿਵਿਆਂਗਾਂ ਨੂੰ ਸਿੱਧੀ ਭਰਤੀ ਤੇ ਪ੍ਰਮੋਸ਼ਨ ਕੋਟਾ 01.01.1996 ਤੋਂ 3 ਫੀਸਦੀ ਅਤੇ 19.04.2017 ਤੋਂ 4 ਫੀਸਦੀ ਮਿਲੇ–ਜਸਵਿੰਦਰ ਸਿੰਘ ਸਹੋਤਾ

**3 ਦਸੰਬਰ ਲਈ ਕੌਮਾਂਤਰੀ ਦਿਵਿਆਂਗਤਾ ਦਿਹਾੜੇ 'ਤੇ ਵਿਸ਼ੇਸ਼**

**ਹੁਸ਼ਿਆਰਪੁਰ (ਤਰਸੇਮ ਦੀਵਾਨਾ)** - ਦਿਵਿਆਂਗ ਸਮਾਜ ਦਾ ਸਭ ਤੋਂ ਸਰੀਰਕ, ਆਰਥਿਕ, ਰਾਜਨੀਤਿਕ ਅਤੇ ਸੱਭਿਆਚਾਰਕ ਤੌਰ ਤੇ ਪੱਛੜਿਆ ਹੋਇਆ ਵਰਗ ਹੈ। ਦਿਵਿਆਂਗਾਂ ਨੂੰ ਸਮਾਜ ਵਿੱਚ ਸਥਾਪਿਤ ਹੋਣ ਲਈ ਰੁਕਾਵਟਾਂ ਮੁਕਤ ਮਾਹੌਲ ਮਿਲਣਾ ਚਾਹੀਦਾ ਹੈ। ਕੌਮਾਂਤਰੀ ਦਿਵਿਆਂਗਤਾ ਦਿਹਾੜੇ ਮੌਕੇ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਦਿਵਿਆਂਗ ਰਾਈਟਜ਼ ਐਕਟਵਿਸਟ ਜਸਵਿੰਦਰ ਸਿੰਘ ਸਹੋਤਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਆਪਣੇ ਦਿਵਿਆਂਗ ਕਰਮਚਾਰੀਆਂ/ ਅਧਿਕਾਰੀਆਂ ਨੂੰ ਪ੍ਰਮੋਸ਼ਨ ਵਿੱਚ 3 ਫੀਸਦੀ ਰਾਖਵਾਂਕਰਨ ਮਿਤੀ 06.03.2011 ਤੋਂ ਦਿੱਤਾ ਹੈ। ਜਦੋਂ ਕਿ ਪਰਸਨਜ਼ ਵਿਦ ਡਿਸਏਬਲਟੀ ਐਕਟ 01.01.1996 ਤੋਂ ਲਾਗੂ ਹੋ ਗਿਆ ਸੀ। ਇਸ ਤੋਂ ਇਲਾਵਾ ਪ੍ਰਮੋਸ਼ਨ ਅਤੇ ਸਿੱਧੀ ਭਰਤੀ ਵਿੱਚ 4 ਫੀਸਦੀ ਦਿਵਿਆਂਗਤਾ ਕੋਟਾ 06.08.2019 ਤੋਂ ਲਾਗੂ ਕੀਤਾ ਗਿਆ ਸੀ, ਜਦੋਂ ਕਿ ਦੇਸ਼ ਭਰ ਵਿੱਚ ਦਿਵਿਆਂਗਾਂ ਦੇ ਅਧਿਕਾਰ ਐਕਟ 2016 ਮਿਤੀ 19.04.2017 ਤੋਂ ਲਾਗੂ ਹੋ ਗਿਆ ਸੀ। ਉਨ੍ਹਾਂ ਕਿਹਾ ਕਿ ਅਸਲ ਵਿੱਚ ਦਿਵਿਆਂਗਾਂ ਦੀ ਨਵੀਂ ਭਰਤੀ ਤੇ ਦਿਵਿਆਂਗ ਕਰਮਚਾਰੀਆਂ/ ਅਧਿਕਾਰੀਆਂ ਦੀ ਪ੍ਰਮੋਸ਼ਨ ਦਾ ਕੋਟਾ


ਜਸਵਿੰਦਰ ਸਿੰਘ ਸਹੋਤਾ।

01.01.1996 ਤੋਂ 3 ਫੀਸਦੀ ਅਤੇ 19.04.2017 ਤੋਂ 4 ਫੀਸਦੀ ਬਣਦਾ ਹੈ, ਜਿਹੜਾ ਕਿ ਗੁਆਂਢੀ ਸੂਬੇ ਹਰਿਆਣਾ ਦੀ ਸਰਕਾਰ ਨੇ ਲਾਗੂ ਵੀ ਕਰ ਦਿੱਤਾ ਹੈ। ਜਸਵਿੰਦਰ ਸਿੰਘ ਸਹੋਤਾ ਨੇ ਮੰਗ ਕੀਤੀ ਹੈ ਕਿ ਅੱਜ ਕੌਮਾਂਤਰੀ ਦਿਵਿਆਂਗਤਾ ਦਿਹਾੜੇ ਮੌਕੇ ਪੰਜਾਬ ਸਰਕਾਰ ਵੀ ਦਿਵਿਆਂਗਾਂ ਦੀ ਨਵੀਂ ਭਰਤੀ ਤੇ ਦਿਵਿਆਂਗ ਕਰਮਚਾਰੀਆਂ/ਅਧਿਕਾਰੀਆਂ ਦੀ ਪ੍ਰਮੋਸ਼ਨ ਦਾ ਕੋਟਾ 01.01.1996 ਤੋਂ 3 ਫੀਸਦੀ ਅਤੇ 19.04.2017 ਤੋਂ 4 ਫੀਸਦੀ ਦੇਣ ਦਾ ਨੋਟੀਫਿਕੇਸ਼ਨ ਜਾਰੀ ਕਰੇ ਤਾਂ ਜੋ ਜ਼ਿਆਦਾ ਤੋਂ ਜ਼ਿਆਦਾ ਬੇਰੁ-ਜਗਾਰ ਅਤੇ ਨੌਕਰੀ ਕਰ ਰਹੇ ਦਿਵਿਆਂਗ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਉਨ੍ਹਾਂ ਦਾ ਬਣਦਾ ਲਾਭ ਮਿਲ ਸਕੇ। ਜਸਵਿੰਦਰ ਸਿੰਘ ਸਹੋਤਾ ਨੇ ਕਿਹਾ ਕਿ ਅਜਿਹਾ ਹੋਣ ਨਾਲ ਜਿੱਥੇ ਸੈਂਕੜੇ ਬੇਰੁਜਗਾਰ ਦਿਵਿਆਂਗ ਰੁਜਗਾਰ ਪ੍ਰਾਪਤ ਕਰਕੇ ਆਪਣੇ ਪੈਰਾਂ ਤੇ ਖੜੇ ਹੋ ਸਕਣਗੇ, ਉੱਥੇ ਦਿਵਿਆਂਗ ਕਰਮਚਾਰੀਆਂ/ ਅਧਿਕਾਰੀ ਨੂੰ ਪ੍ਰਮੋਸ਼ਨ ਮਿਲਣ ਨਾਲ ਉਨ੍ਹਾਂ ਦਾ ਹੋਰ ਹੌਂਸਲਾ ਵਧੇਗਾ ਅਤੇ ਉਹ ਮਾਣ ਮਹਿਸੂਸ ਕਰਨਗੇ।

for more news visit:
www.samajweekly.com

# ਸੰਸਥਾ ਪਠਲਾਵਾ ਵਲੋਂ ਸਰਕਾਰੀ ਹਾਈ ਸਕੂਲ ਪਠਲਾਵਾ ਮੋਰਾਂਵਾਲੀ ਦੇ ਬੱਚਿਆਂ ਨੂੰ ਗਰਮ ਜਰਸੀਆਂ ਤੇ ਬੂਟ ਵੰਡੇ






**ਬੰਗਾ (ਚਰਨਜੀਤ ਸੱਲ੍ਹਾਂ)** ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਵਲੋਂ ਸਰਕਾਰੀ ਹਾਈ ਸਕੂਲ ਪਠਲਾਵਾ ਮੋਰਾਂਵਾਲੀ ਦੇ ਸਮੂਹ ਵਿਦਿਆਰਥੀਆਂ ਨੂੰ ਸਰਦੀਆਂ ਤੋਂ ਬਚਾਅ ਲਈ ਗਰਮ ਜਰਸੀਆਂ ਅਤੇ ਬੂਟਾਂ ਦੀ ਵੰਡ ਕੀਤੀ ਗਈ। ਇਸ ਅਵਸਰ ਤੇ ਸਕੂਲ ਦੇ ਵਿਹੜੇ ਵਿੱਚ ਇਕ ਸਾਦਾ ਸਮਾਗਮ ਕਰਵਾਇਆ ਗਿਆ। ਜਿਸਦੀ ਪ੍ਰਧਾਨਗੀ ਸੰਸਥਾ ਦੇ ਚੇਅਰਮੈਨ ਸ: ਇੰਦਰਜੀਤ ਸਿੰਘ ਵਾਰੀਆ ਅਤੇ ਸਕੂਲ ਦੇ ਕਾਰਜਕਾਰੀ ਹੈੱਡ ਮਿਸਟਰੈਸ ਸ੍ਰੀਮਤੀ ਸੀਮਾ ਵਲੋਂ ਸਾਂਝੇ ਤੌਰ ਤੇ ਕੀਤੀ ਗਈ। ਵਿਦਿਆਰਥੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸ ਵਾਰੀਆ ਨੇ ਆਖਿਆ ਇਹ ਉਹ ਸਕੂਲ ਹੈ ਜਿਥੇ ਮੇਰੇ ਸਮੇਤ ਸੰਸਥਾ ਦੇ ਲਗਭਗ ਸਾਰੇ ਅਹੁਦੇਦਾਰਾਂ ਨੇ ਤਾਲੀਮ ਹਾਸਿਲ ਕਰਕੇ ਇਕ ਸਨਮਾਨਯੋਗ ਰੁਤਬਾ ਹਾਸਿਲ ਕੀਤਾ ਹੈ। ਇਸ ਲਈ ਅਸੀਂ ਇਸ ਵਿਦਿਆ ਰੂਪੀ ਮੰਦਿਰ ਦੇ ਕਰਜ਼ਦਾਰ ਹਾਂ । ਸੰਸਥਾ ਦੇ ਜਨਰਲ ਸਕੱਤਰ ਮਾ ਤਰਲੋਚਨ ਸਿੰਘ ਪਠਲਾਵਾ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਆਖਿਆ ਕਿ ਹਰ ਇਨਸਾਨ ਨੂੰ ਉਹਨਾਂ ਸੰਸਥਾਵਾਂ ਦੇ ਨਾਲ ਜੁੜ ਕੇ ਰਹਿਣਾ ਚਾਹੀਦਾ ਹੈ ਜਿਥੋਂ ਤੁਸੀਂ ਵਿਦਿਆ ਗ੍ਰਹਿਣ ਕਰਕੇ ਇਕ ਸਫਲ ਇਨਸਾਨ ਬਨਣ ਦਾ ਰੁਤਬਾ ਹਾਸਿਲ ਕੀਤਾ ਹੈ। ਸਕੂਲ ਦੇ ਮੁਲਾਜ਼ਮ ਸ੍ਰੀ ਸੰਦੀਪ ਕੁਮਾਰ ਗੌੜ ਜੀ ਜੋ ਕੁਝ ਹੀ ਮਹੀਨਿਆਂ ਤੋਂ ਇਸ ਸਕੂਲ ਵਿੱਚ ਆਏ ਹਨ ਵਲੋਂ ਸਕੂਲ ਦੀ ਬੇਹਤਰੀ ਅਤੇ ਕਾਮਯਾਬੀ ਲਈ ਸਿਰਤੋੜ ਯਤਨ ਕੀਤੇ ਜਾ ਰਹੇ ਹਨ। ਇਸ ਅਵਸਰ ਤੇ ਹੋਰਨਾਂ ਤੋਂ ਇਲਾਵਾ ਸਾਇੰਸ ਮਾਸਟਰ ਬਲਜਿੰਦਰ ਸਿੰਘ ਮਜਾਰਾ ਡੀਂਗਰੀਆਂ, ਮੈਡਮ ਏਕਤਾ, ਮੈਡਮ ਆਰਤੀ ਸ਼ਰਮਾ, ਮੈਡਮ ਮਨਜਿੰਦਰ ਕੌਰ ਮੋਰਾਂਵਾਲੀ, ਸੰਸਥਾ ਦੇ ਪ੍ਰੈਸ ਸਕੱਤਰ ਜੀ ਚੰਨੀ ਪਠਲਾਵਾ ਵੀ ਹਾਜ਼ਿਰ ਸਨ।

ਸਮਾਜ ਵੀਕਲੀ ਨਿਊਜ਼

# ਮਾਨਸਰੋਵਰ ਦਾ ਲਾਈਵ ਪ੍ਰੋਗਰਾਮ ਸਰੋਤਿਆਂ ਦੇ ਦਿਲਾਂ ਦੀ ਧੜਕਨ ਬਣਦਾ ਜਾ ਰਿਹਾ - ਮਹਿੰਦਰ ਸੂਦ ਵਿਰਕ




**ਫ਼ਗਵਾੜਾ (ਚਰਨਜੀਤ ਸੱਲ੍ਹਾਂ)** ਪੰਜਾਬੀ ਭਾਸ਼ਾ ਇਕਾਈ ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਵੱਲੋਂ ਮਿਤੀ 30 ਨਵੰਬਰ 2025 ਦਿਨ ਐਤਵਾਰ ਨੂੰ ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਕਵੀ ਰਜਨੀ ਵਾਲੀਆ (ਕਪੂਰਥਲਾ), ਅਮਰਜੀਤ ਨੀਰ ਪਿੰਡ ਚੱਕ ਤਾਮਕੋਟ (ਨਾਨੂੰਵਾਲਾ), ਪਵਨ ਕੁਮਾਰ ਹੋਸ਼ੀ, ਜਸਵੀਰ ਸ਼ਰਮਾ ਦੱਦਾਹੂਰ (ਸ੍ਰੀ ਮੁਕਤਸਰ ਸਾਹਿਬ) ਅਤੇ ਸਿਆਣ ਭੁਪਿੰਦਰ ਸਿੰਘ ਸ਼ਾਮਿਲ ਹੋਏ। ਪ੍ਰੋਗਰਾਮ ਦਾ ਆਗਾਜ਼ ਸੰਚਾਲਕ ਮਹਿੰਦਰ ਸੂਦ ਵਿਰਕ ਨੇ ਸ਼ਾਨਦਾਰ ਅੰਦਾਜ਼ ਵਿੱਚ ਕੀਤਾ। ਫਿਰ ਰਜਨੀ ਵਾਲੀਆ ਅਤੇ ਅਮਰਜੀਤ ਨੀਰ ਕਵਿਤਾਵਾਂ ਸੁਣਾ ਕੇ ਸਰੋਤਿਆਂ ਤੋਂ ਵਾਹ-ਵਾਹ ਖੱਟੀ। ਪਵਨ ਕੁਮਾਰ ਹੋਸ਼ੀ ਅਤੇ ਜਸਵੀਰ ਸ਼ਰਮਾ ਦੱਦਾਹੂਰ ਨੇ ਸੇਧ ਵਰਧਕ ਕਵਿਤਾਵਾਂ ਪੇਸ਼ ਕੀਤੀਆਂ। ਸਿਆਣ ਭੁਪਿੰਦਰ ਸਿੰਘ ਨੇ ਵੀ ਨਜ਼ਮਾਂ ਨਾਲ ਖੂਬ ਸਮਾਂ ਬੰਨਿਆ। ਪ੍ਰੋਗਰਾਮ ਪ੍ਰਬੰਧਕ ਇਕਬਾਲ ਸਿੰਘ ਸਹੋਤਾ ਅਤੇ ਸੰਸਥਾਪਕ ਮਾਨ ਸਿੰਘ ਸੁਥਾਰ ਤੇ ਚੇਅਰਮੈਨ ਮੈਡਮ ਸੀਯਾ ਭਾਰਤੀ ਜੀ ਨੇ ਕਵੀ ਦਰਬਾਰ ਵਿੱਚ ਸ਼ਾਮਿਲ ਸਾਰੇ ਕਵੀ ਸਾਹਿਬਾਨ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕਰਨ ਦਾ ਐਲਾਨ ਕੀਤਾ। ਅਖੀਰ ਸੰਚਾਲਕ ਸੂਦ ਵਿਰਕ ਨੇ ਆਪਣੀ ਮੌਲਿਕ ਕਵਿਤਾ "ਜ਼ਿੰਦਗੀ ਦਾ ਅਨੰਦ ਖ਼ੂਬ ਮਾਣ ਮਿੱਤਰਾ" ਦੇ ਨਾਲ ਪ੍ਰੋਗਰਾਮ ਦੀ ਸਮਾਪਤੀ ਕੀਤੀ।




# ਵਿਸ਼ਵ ਏਡਜ਼ ਦਿਵਸ 'ਤੇ ਹੁਸ਼ਿਆਰਪੁਰ 'ਚ ਜਾਗਰੂਕਤਾ ਵਾਕਾਥਨ ਕਰਵਾਈ

## ਏਡਜ਼ ਵਰਗੀ ਬਿਮਾਰੀ ਪ੍ਰਤੀ ਸਮਾਜ 'ਚ ਜਾਗਰੂਕਤਾ ਫੈਲਾਉਣਾ ਬੇਹੱਦ ਜ਼ਰੂਰੀ – ਵਿਧਾਇਕ ਜਿੰਪਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਵਿਸ਼ਵ ਏਡਜ਼ ਦਿਵਸ ਦੇ ਮੌਕੇ 'ਤੇ ਜ਼ਿਲ੍ਹਾ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਸੋਸਾਇਟੀ ਵੱਲੋਂ ਸਰਕਾਰੀ ਸਮਾਰਟ ਸੀਨੀਅਰ ਸੈਕੰਡਰੀ ਸਕੂਲ (ਸਹਿ-ਸਿੱਖਿਆ) ਘੰਟਾ ਘਰ ਤੋਂ ਬੱਸ ਸਟੈਂਡ ਤੱਕ ਇਕ ਜਾਗਰੂਕਤਾ ਵਾਕਾਥਨ ਦਾ ਆਯੋਜਨ ਕੀਤਾ। ਇਸ ਪ੍ਰੋਗਰਾਮ ਦਾ ਉਦਘਾਟਨ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਹਰੀ ਝੰਡੀ ਦਿਖਾ ਕੇ ਕੀਤਾ। ਵਾਕਾਥਨ ਵਿੱਚ ਵਿਦਿਆਰਥੀਆਂ, ਅਧਿਆਪਕਾਂ, ਸਮਾਜ ਸੇਵਕਾਂ ਅਤੇ ਆਮ ਨਾਗਰਿਕਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਤੋਂ ਪਹਿਲਾਂ ਸਰਕਾਰੀ ਸਕੂਲ ਘੰਟਾ ਘਰ ਵਿਖੇ ਏਡਜ਼ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਮਾਹਿਰਾਂ ਨੇ ਐੱਚ.ਆਈ.ਵੀ/ਏਡਜ਼ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਰੋਕਥਾਮ ਦੇ ਉਪਾਵਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਇਸ ਮੌਕੇ



ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਏਡਜ਼ ਵਰਗੀ ਗੰਭੀਰ ਬਿਮਾਰੀ ਬਾਰੇ ਸਮਾਜ ਵਿੱਚ ਜਾਗਰੂਕਤਾ ਫੈਲਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਸ ਬਿਮਾਰੀ ਦੀ ਰੋਕਥਾਮ ਨੌਜਵਾਨਾਂ ਨੂੰ ਸਹੀ ਜਾਣਕਾਰੀ ਅਤੇ ਸਿੱਖਿਆ ਪ੍ਰਦਾਨ ਕਰਕੇ ਹੀ ਸੰਭਵ ਹੈ। ਉਨ੍ਹਾਂ ਜ਼ਿਲ੍ਹਾ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਸੋਸਾਇਟੀ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਸਮਾਜ ਨੂੰ ਸਿਹਤਮੰਦ ਅਤੇ ਜਾਗਰੂਕ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਵਿਧਾਇਕ ਜਿੰਪਾ ਨੇ ਕਿਹਾ ਕਿ ਸਿਰਫ਼ ਸਰਕਾਰ ਅਤੇ ਸਮਾਜ ਮਿਲ ਕੇ ਹੀ ਇਸ ਚੁਨੌਤੀ ਦਾ ਸਾਹਮਣਾ ਕਰ ਸਕਦੇ ਹਨ। ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਦੀ ਅਪੀਲ ਕੀਤੀ। ਉਨ੍ਹਾਂ ਅਧਿਆਪਕਾਂ ਅਤੇ ਮਾਪਿਆਂ ਨੂੰ ਵੀ ਜ਼ਿੰਮੇਵਾਰੀ ਲੈਣ ਦਾ ਸੱਦਾ ਦਿੱਤਾ ਤਾਂ ਜੋ ਨਵੀਂ ਪੀੜ੍ਹੀ ਸੁਰੱਖਿਅਤ ਅਤੇ ਜਾਗਰੂਕ ਹੋ ਸਕੇ। ਉਨ੍ਹਾਂ ਕਿਹਾ ਕਿ ਜਾਗਰੂਕਤਾ ਸਭ ਤੋਂ ਵੱਡਾ ਹਥਿਆਰ ਹੈ ਜੋ ਸਮਾਜ ਨੂੰ ਏਡਜ਼ ਵਰਗੀਆਂ ਬਿਮਾਰੀਆਂ ਤੋਂ ਬਚਾ ਸਕਦਾ ਹੈ। ਸਮਾਗਮ ਵਿਚ ਕੇਂਦਰ ਦੀ ਮਨੋਵਿਗਿਆਨੀ ਡਾ. ਸਿਮਰਨ ਸੈਣੀ ਮਨੋਵਿਗਿਆਨੀ ਸਿਵਲ ਹਸਪਤਾਲ, ਹੁਸ਼ਿਆਰਪੁਰ ਨੇ ਵੀ ਪ੍ਰੋਗਰਾਮ ਨੂੰ ਸੰਬੋਧਨ ਕੀਤਾ ਅਤੇ ਏਡਜ਼ ਨਾਲ ਸਬੰਧਤ ਮਿੱਥਾਂ ਨੂੰ ਦੂਰ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਹੀ ਜਾਣਕਾਰੀ ਅਤੇ ਸੰਵੇਦਨਸ਼ੀਲਤਾ ਇਸ ਬਿਮਾਰੀ ਨਾਲ ਲੜਨ ਦਾ ਸਭ ਤੋਂ ਵੱਡਾ ਸਾਧਨ ਹਨ।

# ਕੰਨਿਆ ਸਕੂਲ, ਰੋਪੜ ਵਿਖੇ ਰਾਸ਼ਟਰੀ ਅਵਿਸ਼ਕਾਰ ਅਭਿਆਨ (RAA):2025 ਤਹਿਤ ਪ੍ਰਦਰਸ਼ਨੀ ਲਗਾਈ

**ਰੋਪੜ, (ਰੋਮੀ ਘੜਾਮਾਂ):** ਸ.ਸ.ਸ.ਸ. ਸਕੂਲ, ਰੋਪੜ ਵਿਖੇ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਰਾਸ਼ਟਰੀ ਅਵਿਸ਼ਕਾਰ ਅਭਿਆਨ (RAA):2025 ਤਹਿਤ ਜ਼ਿਲ੍ਹਾ ਪੱਧਰੀ ਵਿਗਿਆਨ ਪ੍ਰਦਰਸ਼ਨੀ, ਜ਼ਿਲ੍ਹਾ ਸਿੱਖਿਆ ਅਫਸਰ ਪ੍ਰੇਮ ਕੁਮਾਰ ਮਿੱਤਲ ਦੇ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਸੰਦੀਪ ਕੌਰ ਅਤੇ ਡੀ.ਆਰ.ਸੀ. ਵਿਪਨ ਕਟਾਰੀਆ ਦੀ ਨਿਗਰਾਨੀ ਵਿੱਚ ਲਗਾਈ ਗਈ। ਉਕਤ ਪ੍ਰਦਰਸ਼ਨੀ ਦੇ ਕੋਆਰਡੀਨੇਟਰ ਪ੍ਰਿੰਸੀਪਲ ਸੰਦੀਪ ਕੌਰ ਨੇ ਦੱਸਿਆ ਕਿ ਇਸ ਵਾਰ NCERT ਨਵੀਂ ਦਿੱਲੀ ਵੱਲੋਂ ਮੁੱਖ ਥੀਮ "Stem ਡੋਰ ਵਿਕਸਿਟ and ataminrb-har Bharat" ਰੱਖੀ ਗਈ ਸੀ। ਜਿਸ ਤਹਿਤ 07 ਸਬ-ਥੀਮਾਂ ਸਨ। ਇੱਥੇ



ਜ਼ਿਲ੍ਹੇ ਦੇ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਮੇਜ਼ਬਾਨ ਸਕੂਲ ਦੀਆਂ ਵਿਦਿਆਰਥਣਾਂ ਨੇ ਪੰਜ ਮਾਡਲਾਂ ਵਿੱਚ ਪਹਿਲਾ ਅਤੇ ਇੱਕ ਵਿੱਚ ਦੂਸਰਾ ਸਥਾਨ ਪ੍ਰਾਪਤ ਕਰਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪਹਿਲੇ ਸਥਾਨ 'ਤੇ ਆਉਣ ਵਾਲੇ ਭਾਗੀਦਾਰਾਂ ਨੂੰ 3100/- ਅਤੇ ਦੂਸਰੇ ਵਾਲ਼ਿਆਂ ਨੂੰ 2100/- ਰੁਪਏ ਦੀ ਰਾਸ਼ੀ ਇਨਾਮ ਵਜੋਂ ਦਿੱਤੀ ਗਈ। ਮਾਡਲਜ਼ ਦੀ ਤਿਆਰੀ ਜਵਤਿੰਦਰ ਕੌਰ (ਲੈਕ. ਬਾਇਓ), ਸੀਮਾ ਚੋਪੜਾ (ਲੈਕ. ਫਿਜਿਕਸ), ਰਾਜੇਸ਼ਵਰੀ (ਲੈਕ. ਕਮਿਸਟਰੀ), ਅਤੇ ਮਨਦੀਪ ਕੌਰ (ਲੈਕ. ਗਣਿਤ) ਵੱਲੋਂ ਕਰਵਾਈ ਗਈ ਸੀ। ਪ੍ਰਿੰਸੀਪਲ ਵੱਲੋਂ ਜੇਤੂਆਂ ਅਤੇ ਤਿਆਰੀ ਕਰਵਾਉਣ ਵਾਲ਼ੇ ਅਧਿਆਪਕਾਂ ਨੂੰ ਵਧਾਈ ਦਿੰਦੇ ਹੋਏ ਸੂਬਾ ਪੱਧਰ ਮੁਕਾਬਲੇ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

# ਔੜ ਬਲਾਕ ਨੂੰ ਤੋੜਨ ਵਿਰੁੱਧ 3 ਦਸੰਬਰ ਨੂੰ ਹੋਵੇਗਾ ਲੋਕਾਂ ਦਾ ਭਾਰੀ ਇਕੱਠ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵੱਲੋਂ ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਔੜ ਬਲਾਕ ਨੂੰ ਤੋੜਨ ਦੇ ਵਿਰੁੱਧ ਸੀ ਪੀ ਆਈ (ਐਮ. ਐਲ) ਨਿਊ ਡੈਮੋਕਰੇਸੀ ਵੱਲੋਂ ਜਨਤਕ ਜਥੇਬੰਦੀਆਂ ਇੱਕ ਮੀਟਿੰਗ 3 ਦਸੰਬਰ ਨੂੰ ਠੀਕ 11 ਵਜੇ ਧਰਮ ਸਿੰਘ ਪੰਗਲੀਆ ਬੀਬੀ ਅਮਰ ਕੌਰ ਪੰਗਲੀਆ (ਅਫਰੀਕਾ ਵਾਲੇ) ਕਮਿਊਨਿਟੀ ਯਾਦਗਾਰ ਹਾਲ ਉੜਾਪੜ ਵਿਖੇ ਬੁਲਾਈ ਗਈ ਹੈ। ਇਹ ਜਾਣਕਾਰੀ ਦਿੰਦੇ ਹੋਏ ਭਾਰਤੀ ਕਮਿਊਨਿਸਟ ਪਾਰਟੀ ( ਮਾਰਕਸਵਾਦੀ – ਲੈਨਿਨਵਾਦੀ ) ਨਿਊ ਡੈਮੋਕਰੇਸੀ ਦੇ ਆਗੂ ਦਲਜੀਤ ਸਿੰਘ ਐਡਵੋਕੇਟ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਔੜ ਬਲਾਕ ਨੂੰ ਤੋੜਨ ਨਾਲ ਔੜ ਨਾਲ ਜੁੜੇ ਰਹੇ ਪਿੰਡਾਂ ਦੇ ਲੋਕਾਂ ਨੂੰ ਅਤੇ ਪੰਚਾਇਤਾਂ ਨੂੰ ਆਪਣੇ ਕੰਮਾਂ ਕਾਰਾਂ ਲਈ ਬੰਗਾ ਅਤੇ ਨਵਾਂਸ਼ਹਿਰ ਜਾਣਾ ਪਵੇਗਾ। ਇੱਥੇ ਹੀ ਬਸ ਨਹੀਂ ਔੜ ਬਲਾਕ ਦੇ ਟੁੱਟਣ ਨਾਲ ਮੁੱਢਲਾ ਸਿਹਤ ਕੇਂਦਰ ਮੁਕੰਦਪੁਰ ਵੀ ਤੋੜਿਆ ਜਾ ਸਕਦਾ ਹੈ। ਖੇਤੀਬਾੜੀ ਬਲਾਕ ਅਫ਼ਸਰ ਔੜ ਦਾ ਦਫ਼ਤਰ ਵੀ ਬੰਦ ਹੋ ਜਾਵੇਗਾ। ਉਹਨਾਂ ਨੇ ਲੋਕਾਂ ਨੂੰ ਇਸ ਮੀਟਿੰਗ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ ਹੈ।



# ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਚੌਣਾਂ ਦੇ ਮੱਦੇਨਜ਼ਰ ਬਹੁਜਨ ਸਮਾਜ ਪਾਰਟੀ ਵਲੋਂ ਪਿੰਡ ਕੁਲਥਮ ਵਿੱਚ ਮੀਟਿੰਗ ਹੋਈ

**ਬੰਗਾ( ਚਰਨਜੀਤ ਸੱਲ੍ਹਾਂ )** 14 ਦਸੰਬਰ ਨੂੰ ਆ ਰਹੀਆਂ ਬਲਾਕ ਸੰਮਤੀ ,ਜਿਲਾ ਪਰਿਸ਼ਦ ਚੌਣਾਂ ਨੂੰ ਦੇਖਦੇ ਹੋਏ ਬਹੁਜਨ ਸਮਾਜ ਪਾਰਟੀ ਵਲੋਂ ਇੱਕ ਵਿਸ਼ੇਸ਼ ਮਿਟਿੰਗ ਪਿੰਡ ਕੁਲਥਮ ਵਿੱਚ ਹੋਈ ਜਿਸ ਵਿੱਚ ਪਿੰਡ ਕੁਲਥਮ ,ਮੰਢਾਲੀ ਦੇ ਸਮੂਹ ਨੌਜਵਾਨ ਆਗੂ ਸ਼ਾਮਿਲ ਹੋਏ ਜਿਸ ਵਿੱਚ ਸਾਰੇ ਸਾਥੀਆਂ ਦੀ ਸਰਬ ਸਾਂਝੀ ਰਾਏ ਨਾਲ ਚਰਨਜੀਤ ਮੰਢਾਲੀ ਨੂੰ ਬਲਾਕ ਸੰਮਤੀ ਦਾ ਉਮੀਦਵਾਰ ਐਲਾਨਿਆ ਇਸ ਮੌਕੇ ਬਸਪਾ ਸੀਨੀਅਰ ਆਗੂ ਲੇਖ ਰਾਜ ਕੁਲਥਮ,ਜਨਰਲ ਸਕੱਤਰ ਚਰਨਜੀਤ ਮੰਢਾਲੀ,ਬਾਮਸੇਫ



ਆਗੂ ਮਲਕੀਤ ਮੰਢਾਲੀ, ਨੌਜਵਾਨ ਆਗੂ ਜਿੰਦੀ ਕੁਲਥਮ, ਨੌਜਵਾਨ ਆਗੂ ਦਲਜਿੰਦਰ ਸ਼ਹਿਜਲ, ਕਾਕਾ ਕੁਲਥਮ, ਜੋਗਿੰਦਰ ਪਾਲ, ਸੁਰਿੰਦਰ ਪਾਲ, ਸੀਨੀਅਰ ਬਸਪਾ ਸਾਥੀ ਬਾਂਕਾਂ ਰਾਮ, ਨਿਰਮਲ ਦਾਸ ਅਤੇ ਰਾਕੇਸ਼ ਕੁਮਾਰ ਕੁਲਥਮ ਹਾਜਿਰ ਸਨ।

# ਆਦਿਵਾਸੀਆਂ ਦੇ ਕਤਲੇਆਮ ਵਿਰੁੱਧ ਅਤੇ ਬੁੱਧੀਜੀਵੀਆਂ ਦੀ ਰਿਹਾਈ ਲਈ ਸੂਬਾਈ ਕਨਵੈਨਸ਼ਨ ਅਤੇ ਮੁਜ਼ਾਹਰਾ 7 ਨੂੰ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੇ ਸੂਬਾ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋ. ਏ .ਕੇ. ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ ਪਾਲ ਨੇ ਦੱਸਿਆ ਕਿ ਜਮਹੂਰੀ ਫਰੰਟ ਵੱਲੋਂ 7 ਦਸੰਬਰ ਨੂੰ ਸਵੇਰੇ 10.30 ਵਜੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਨੂੰ ਸਮਰਪਿਤ ਸੂਬਾਈ ਕਨਵੈਨਸ਼ਨ ਤੇ ਮੁਜ਼ਾਹਰਾ ਕੀਤਾ ਜਾ ਰਿਹਾ ਹੈ। ਜਿਸ ਵਿਚ ਮੁੱਖ ਵਕਤਾ ਜਮਹੂਰੀ ਤੇ ਮਨੁੱਖੀ ਹੱਕਾਂ ਦੇ ਉੱਘੇ ਘੁਲਾਟੀਏ ਪ੍ਰਸ਼ਾਂਤ ਰਾਹੀ, ਨਦੀਮ ਖ਼ਾਨ ਅਤੇ ਡਾ. ਨਵਸ਼ਰਨ ਹੋਣਗੇ। ਪੰਜਾਬ ਦੀਆਂ ਜਨਤਕ ਜਮਹੂਰੀ ਤਾਕਤਾਂ ਦਾ ਇਹ ਇਕੱਠ ਭਾਰਤੀ ਰਾਜ ਵੱਲੋਂ ਕਤਲੇਆਮ, ਜੇਲ੍ਹਬੰਦੀ ਅਤੇ ਝੂਠੇ ਕੇਸਾਂ ਰਾਹੀਂ ਜਮਹੂਰੀ ਤੇ ਮਨੁੱਖੀ ਹੱਕਾਂ ਦਾ ਕਰੂਰਤਾ ਨਾਲ ਘਾਣ ਕਰਨ ਦਾ ਗੰਭੀਰ ਨੋਟਿਸ ਲੈਂਦੇ ਹੋਏ ਇਸ ਵਿਰੁੱਧ ਜਨਤਕ ਜਮਹੂਰੀ ਆਵਾਜ਼ ਬੁਲੰਦ ਕਰਨ ਦਾ ਸੱਦਾ ਦੇਵੇਗਾ। ਇਹ ਇਕੱਠ ਜਿੱਥੇ ਜਲ, ਜੰਗਲ, ਜਮੀਨ ਦੀ ਰਾਖੀ ਲਈ ਜੂਝਦੇ ਆਦਿਵਾਸੀਆਂ ਤੇ ਮਾਓਵਾਦੀ ਇਨਕਲਾਬੀਆਂ ਦੇ ਕਤਲੇਆਮ



ਦਾ ਵਿਰੋਧ ਕਰਦੇ ਹੋਏ ਓਪਰੇਸ਼ਨ ਕਗਾਰ ਅਤੇ ਹੋਰ ਨੀਮ-ਫ਼ੌਜੀ ਓਪਰੇਸ਼ਨ ਬੰਦ ਕਰਨ ਦੀ ਮੰਗ ਕਰੇਗਾ ਉੱਥੇ ਨਾਲ ਹੀ 'ਸ਼ਹਿਰੀ ਨਕਸਲੀ' ਅਤੇ ਹੋਰ ਝੂਠੇ ਬਿਰਤਾਂਤਾਂ ਦੇ ਆਧਾਰ 'ਤੇ ਜੇਲ੍ਹਾਂ ਵਿਚ ਡੱਕੇ ਉਮਰ ਖ਼ਾਲਿਦ, ਗੁਲਫ਼ਿਸ਼ਾਂ ਫ਼ਾਤਿਮਾ ਸਮੇਤ ਸਮੂਹ ਲੋਕ-ਪੱਖੀ ਬੁੱਧੀਜੀਵੀਆਂ ਜਮਹੂਰੀ ਕਾਰਕੁਨਾਂ ਅਤੇ ਪੂਰੇ ਦੇਸ਼ ਵਿਚ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਦੀ ਪੁਰਜ਼ੋਰ ਮੰਗ ਕਰੇਗਾ। ਫਰੰਟ ਦੇ ਆਗੂਆਂ ਨੇ ਦੱਸਿਆ ਕਿ ਸੂਬਾਈ ਇਕੱਤਰਤਾ ਦੀ ਕਾਮਯਾਬੀ ਲਈ ਵੱਖ-ਵੱਖ ਜ਼ਿਲ੍ਹਿਆਂ ਵਿਚ ਜਨਤਕ ਇਕੱਤਰਤਾਵਾਂ, ਵਿਚਾਰ-ਚਰਚਾਵਾਂ ਤੇ ਕਨਵੈਨਸ਼ਨਾਂ ਜਥੇਬੰਦ ਕਰਕੇ ਅਤੇ ਸੰਪਰਕ ਮੁਹਿੰਮ ਚਲਾਕੇ ਜ਼ੋਰਦਾਰ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਅਤੇ ਲੇਖਕਾਂ, ਬੁੱਧੀਜੀਵੀਆਂ, ਕਲਾਕਾਰਾਂ, ਵਕੀਲਾਂ, ਲੋਕ ਜਮਹੂਰੀ ਕਾਰਕੁਨਾਂ, ਤਰਕਸ਼ੀਲਾਂ ਸਮੇਤ ਸਮੂਹ ਇਨਸਾਫਪਸੰਦ ਤਾਕਤਾਂ ਨਾਲ ਸੰਪਰਕ ਕਰਕੇ ਇਸ ਫਾਸ਼ੀ ਹੱਲੇ ਵਿਰੁੱਧ ਸਾਂਝਾ ਹੰਭਲਾ ਮਾਰਨ ਲਈ ਸੂਬਾ ਕਨਵੈਨਸ਼ਨ ਵਿਚ ਹੁੰਮ-ਹੁੰਮਾਕੇ ਪਹੁੰਚਣ ਦਾ ਸੱਦਾ ਦਿੱਤਾ ਜਾ ਰਿਹਾ ਹੈ।

# ਅੱਜ ਆਪਣੀ ਮਾਂ ਖੇਡ ਕਬੱਡੀ ਦੇ ਬਾਬਾ ਬੋਹੜ ਕੋਚ ਫੋਰਮਰ ਖਿਡਾਰੀ ਰਹੇ ਮਰਹੂਮ ਪੰਡਿਤ ਸ਼੍ਰੀ ਦੇਵੀ ਦਿਆਲ ਸ਼ਰਮਾ ਜੀ ਦਾ ਜਨਮ ਦਿਨ ਹੈ

**ਲੁਧਿਆਣਾ (ਹਰਜਿੰਦਰ ਪਾਲ ਛਾਬੜਾ)** ਇਹ ਉਨਾਂ ਲੀਜੈਂਡ ਖਿਡਾਰੀਆਂ ਚੋਂ ਆਉਂਦੇ ਹਨ ਜਿਨ੍ਹਾਂ ਨੇ ਕਰੀਬ ਦੋ ਤਿੰਨ ਦਹਾਕੇ। ਵਾਹਵਾ ਚੋਟੀ ਦੀ ਖੇਡ ਕਬੱਡੀ ਦਿਖਾਈ। ਮਗਰੋਂ ਵਿਦੇਸ਼ ਜਾ ਕੇ ਸੈਟਲਡ ਹੋ ਗਏ। ਪਰ ਫਿਰ ਵੀ ਆਪਣੇ ਪੰਜਾਬ ਤੇ ਮਾਂ ਖੇਡ ਕਬੱਡੀ ਨਾਲ ਪਿਆਰ ਨਹੀਂ ਟੁੱਟ ਸਕਿਆ। ਤੇ ਉਹ ਹਮੇਸ਼ਾ ਜੁੜੇ ਰਹੇ। ਇਸ ਅਧਾਰ ਉੱਤੇ ਹੀ ਲੁਧਿਆਣੇ ਦੇ ਪਿੰਡ ਕੁੱਬੇ ਵਿਖੇ। ਬੱਚਿਆਂ ਦੀ ਨਾਸਤਰੀ ਤੋਂ ਲੈ ਕੇ ਓਪਨ ਵਰਗ ਦੇ। ਖਿਡਾਰੀਆਂ ਦੀ ਕੱਢੀ ਅਕੈਡਮੀ ਓਪਨ ਕੀਤੀ। ਤੇ ਉਸ ਨੂੰ ਆਪਣੇ ਤਨ ਮਨ ਧਨ ਨਾਲ ਪੂਰਾ ਸਹਿਯੋਗ ਦੇ ਕੇ ਆਖਰੀ ਸਾਹ ਤੱਕ ਚਲਾਇਆ ਤੇ ਜੋ ਹੁਣ ਵੀ ਚੱਲ ਰਹੀ।ਇਸ ਮਹਾਨ ਸ਼ਖਸ਼ੀਅਤ ਨੂੰ ਮੈਂ। ਆਪਣੀ ਚੜਦੀ ਉਮਰ ਵਰੇਸੇ। ਅਕਸਰ ਆਪਣੇ ਪਿੰਡ ਜਗਤਪੁਰ ਵਿਖੇ ਸਰਦਾਰ ਨਿਰੰਜਨ ਸਿੰਘ ਯਾਦਗਾਰੀ। ਖੇਡ ਸਟੇਡੀਅਮ ਵਿੱਚ ਹੁੰਦੀਆਂ ਮਿਨੀ ਓਲੰਪਿਕ ਦੇ ਨਾਂ ਤੇ। ਪੁਰੇਵਾਲ ਖੇਡਾਂ ਵਿੱਚ ਸਟੇਜ ਤੇ ਬੈਠੇ ਆਂ। ਖੇਡ ਮੈਦਾਨਾਂ ਵਿੱਚ ਖਿਡਾਰੀਆਂ ਨੂੰ। ਆਸ਼ੀਰਵਾਦ ਦਿੰਦਿਆਂ ਦੇਖਦਾ ਹੁੰਦਾ ਸੀ। ਕਿਉਂਕਿ ਉਦੋਂ ਉਹ ਵਿਦੇਸ਼ੋਂ। ਇੱਕ ਖੇਡ ਪ੍ਰਮੋਟਰ ਵਜੋਂ ਪੰਜਾਬ ਦੇ ਖੇਡ ਮੇਲਿਆਂ ਵਿੱਚ ਵਿਚਰਦੇ ਸਨ।।1990 91 ਦੀ ਗੱਲ ਹੋਣੀ ਹੈ। ਜਦੋਂ ਪਹਿਲੀ ਵਾਰ ਮੈਂ ਉਹਨਾਂ ਨੂੰ। ਇਹਨਾਂ ਖੇਡਾਂ ਤੇ ਦੇਖਿਆ ਤੇ ਸਪੀਚ ਕਰਦੇ ਸੁਣਿਆ। ਉਹ ਇਕੱਲੇ-ਇਕੱਲੇ ਪਲੇਅਰ ਬਾਰੇ ਦੱਸ ਰਹੇ ਸਨ ਕਿ ਆਹ ਮੈਂ ਖੜਾਂ, ਆਹ ਸੀਰਾ ਖੜਾ, ਆਹ ਸਵਰਨਾ ਖੜਾ, ਆਹ ਦੇਵੀ ਦਿਆਲ ਆਦਿ ਸਾਰੇ ਪਲੇਅਰਾਂ ਦੇ ਨਾਂ ਦੱਸ ਰਹੇ ਸੀ। ਬੇਸ਼ੱਕ ਉਹ ਬਹੁਤ ਦੂਰੋਂ ਕਾਰਨ ਮੈਂ ਕਦੇ ਉਹਨਾਂ ਨੂੰ ਆਪ ਕੋਲੋਂ ਜਾ ਕੇ ਮਿਲ ਨਹੀਂ ਸਕਿਆ ਸੀ ਪਰ ਫੇਰ ਵੀ ਦੇਵੀ ਦਿਆਲ ਜੀ ਦਾ ਨਾਂ ਮੇਰੇ ਦਿਮਾਗ ਦੇ ਕਿਸੇ ਕੋਨੇ ਵਿੱਚ ਵੱਸ ਗਿਆ ਸੀ ਤੇ ਮਨ ਵਿੱਚ ਇੱਕ ਇੱਛਾ ਪਲ




ਰਹੀ ਸੀ ਕਿ ਹਰਦਿਲ ਅਜ਼ੀਜ਼ ਕਬੱਡੀ ਦੇ ਸਿਤਾਰੇ ਦੇਵੀ ਦਿਆਲ ਨੂੰ ਇੱਕ ਦਿਨ ਮਿਲਣਾ ਜ਼ਰੂਰ ਆ !ਮੇਰੀ ਜ਼ਿੰਦਗੀ ਦਾ ਉਹ ਵਡਭਾਗਾ ਦਿਨ ਆਇਆ 2020_21 ਵਿੱਚ ਮੇਰੇ ਲਾਗਲੇ ਪਿੰਡ ਸਰਹਾਲ ਕਾਜ਼ੀਆਂ ਵਿਖੇ ਹੋਏ ਕਬੱਡੀ ਕੱਪ ਵਾਲੇ ਦਿਨ ਜਦੋਂ ਅਸੀਂ ਬੱਚਿਆਂ ਦੀ ਖੇਡ ਕਬੱਡੀ ਦੇ ਉਪਰਾਲੇ ਲਈ। ਮੈਚ ਕਰਵਾਏ ਸਨ।ਜਦ ਮੈਂ ਸ਼੍ਰੀ ਦੇਵੀ ਦਿਆਲ ਜੀ ਨੂੰ ਮਿਲਿਆ ਤਾਂ ਕਬੱਡੀ ਬਾਰੇ ਬਹੁਤ ਗੱਲਾਂ ਕੀਤੀਆਂ । ਦੇਵੀ ਦਿਆਲ ਜੀ ਵੀ ਆਮ ਕਬੱਡੀ ਪਲੇਅਰਾਂ ਵਾਂਗ ਬਹੁਤ ਹੀ ਖੁੱਲ-ਦਿਲੇ ਸੁਬਾਅ ਦੇ ਮਾਲਕ ਸਨ, ਤੇ ਲੱਗਦਾ ਸੀ ਕਿ ਕਬੱਡੀ ਦਾ ਚੱਲਦਾ-ਫਿਰਦਾ ਇਤਿਹਾਸ ਹੋਣ ਕਾਰਨ, ਕਬੱਡੀ ਬਾਰੇ ਘੰਟਿਆਂ-ਬੱਧੀ ਗੱਲਾਂ ਕਰ ਸਕਦੇ ਸਨ । ਜਦ ਉਹਨਾਂ ਨੂੰ ਪਤਾ ਲੱਗਾ ਕਿ ਮੈਂ ਵੀ। ਬੱਚਿਆਂ ਨੂੰ ਟ੍ਰੇਨ ਕਰਨ ਲਈ ਕਬੱਡੀ ਕੈਂਪ ਲਗਾਉਂਦਾ ਹਾ। ਤਾਂ ਇਸ ਬਾਰੇ ਉਹਨਾਂ ਨੇ ਬੜੇ ਨੁਕਤੇ ਸਾਂਝੇ ਕੀਤੇ। ਜਿਵੇਂ ਕਿ ਖਿਡਾਰੀਆਂ ਦੀ ਫਿਟਨੈਸ। ਉਨਾਂ ਦੀ ਖੁਰਾਕ। ਸਵੇਰ ਸ਼ਾਮ ਦੀ ਮਿਹਨਤ ਬਾਰੇ। ਉੱਥੇ ਬੈਠਿਆਂ ਹੀ ਮੈਂ ਪਹਿਲੀ ਵਾਰ ਉਹਨਾਂ ਦਾ। ਫੋਨ ਨੰਬਰ ਲਿਆ। ਤੇ ਫਿਰ ਅਕਸਰ ਜਦੋਂ ਵੀ ਦਿਲ ਕਰਨਾ। ਉਹਨਾਂ ਨਾਲ ਗੱਲਬਾਤ ਕਰ ਲੈਣੀ। ਕਬੱਡੀ ਬਾਰੇ ਢੇਰ ਸਾਰੀਆਂ ਗੱਲਾਂ ਕੀਤੀਆਂ, ਮੈਨੂੰ ਅੱਜ ਵੀ ਯਾਦ ਹੈ ਜਦ ਉਹਨਾਂ ਨੇ ਕਿਹਾ ਕਿ " ਕਿ ਕਬੱਡੀ ਖੇਡਣ ਦਾ ਸਵਾਦ ਤਾਂ ਹੀ ਆਉਂਦਾ ਹੈ। ਜਦੋਂ ਹੱਡਾਂ ਵਿੱਚ ਦੇਸੀ ਖੁਰਾਕ ਗਈ ਹੋਵ ਬਦਾਮ ਖਾਣ ਨੂੰ ਤਾਂ ਵਾਧੂ , ਓਥੇ ਦੋ ਘੰਟੇ ਮਿਹਨਤ ਕਰਨ ਤੋਂ ਬਾਅਦ। ਸਿਰਫ ਇੱਕ ਦਿਨ ਸਾਰੇ ਪਿੰਡੇ ਤੇ ਮਲਣ ਨੂੰ ਵੀ ਸਰੋਂ ਦੇ ਤੇਲ ਦੀ ਮਾਲਿਸ਼ ਹੀ ਕੀਤੀ ਜਾਵੇ। " ਤੇ ਜਾਣ ਲੱਗੇ ਜੱਫੀ ਪਾ ਕੇ ਕਹਿੰਦੇ, ਸ਼ਾਬਾਸ਼ੇ ਥੋਡੇ ਜੋ ਬੱਚਿਆਂ ਦੀ ਕਬੱਡੀ ਨੂੰ ਬਚਾਉਣ ਲਈ। ਇਹੋ ਜਿਹੇ ਉਪਰਾਲੇ ਕਰ ਰਹੇ ਹੋ। ਜਿਹਨਾਂ ਨੇ ਏਸ ਕਬੱਡੀ ਨੂੰ ਜ਼ਿੰਦਾ ਰੱਖਿਆ ਹੋਇਆ ਅੱਜ ਉਹ ਮਹਾਨ ਸ਼ਖਸ਼ੀਅਤ। ਸੀਰਕ ਰੂਪ ਵਿੱਚ ਬੇਸ਼ੱਕ ਸਾਡੇ ਪਾਸ ਨਹੀਂ ਰਹੀ। ਪਰ ਉਨਾਂ ਦੀ ਖੇਡ ਕਬੱਡੀ ਨੂੰ ਦਿੱਤੀ ਵੱਡੀ ਦੇਣ। ਉਨਾਂ ਦੀ ਇਸ ਚੰਗੀ ਸੋਚ ਅੱਜ ਤੱਕ ਕਈ ਖਿਡਾਰੀਆਂ ਕੋਚਾਂ,ਦਰਸ਼ਕਾਂ, ਤੇ ਮੇਰੇ ਵਰਗੇ। ਲੱਖਾਂ ਇਨਸਾਨਾਂ,ਦੇ ਜਿਹਨ ਵਿੱਚ। ਹਮੇਸ਼ਾ ਵੱਸਦੀ ਰਹੇਗੀ। ਸੋ ਅੱਜ ਦੇ ਜਨਮ ਦਿਨ ਤੇ। ਉਹਨਾਂ ਨੂੰ ਬਹੁਤ ਬਹੁਤ ਮੁਬਾਰਕਾਂ। ਜਿੱਥੇ ਵੀ ਹੋਵੇ। ਉਹਨਾਂ ਦੀ ਨੇਕ ਰੂਹ। ਹਮੇਸ਼ਾ ਹੱਸਦੀ ਵੱਸਦੀ। ਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ। ਸ਼ਾਂਤੀਮਈ। ਵਾਸਾ ਰੱਖੇ।

# ਚਿਹਰੇ ਤੇ ਆਈ ਮੁਸਕਰਾਹਟ ਉਸ ਦੇ ਮਨੋਕਲਪਿਤ ਭੂਤ - ਪ੍ਰੇਤ ਦੇ ਸਾਏ ਤੋਂ ਮੁਕਤ ਹੋਣ ਦੀ ਗਵਾਹੀ ਸੀ - ਮਾਸਟਰ ਪਰਮਵੇਦ

ਸਾਡੇ ਸਮਾਜ ਵਿੱਚ ਅਨਪੜ੍ਹਤਾ ,ਅਗਿਆਨਤਾ ਤੇ ਲਾਈਲੱਗਤਾ ਕਾਰਨ ਅੰਧਵਿਸ਼ਵਾਸਾਂ,ਵਹਿਮਾਂ-ਭਰਮਾਂ ਤੇ ਰੂੜ੍ਹੀਵਾਦੀ ਵਿਚਾਰਾਂ ਦਾ ਬੋਲਬਾਲਾ ਹੈ। ਇਸ ਵਿੱਚ ਫਸੇ ਵਿਅਕਤੀ ਅਖੌਤੀ ਸਿਆਣਿਆਂ ਦੇ ਭਰਮਜਾਲ 'ਚ ਪੈ ਜਾਂਦੇ ਹਨ । ਕਈ ਅਖੌਤੀ ਸਿਆਣਿਆਂ ਨੂੰ ਅਖੌਤੀ ਭੂਤ-ਪ੍ਰੇਤ ਕੱਢਣ ਪ੍ਰਤੀ ਲੋਕਾਂ ਨੂੰ ਭਰਮਜਾਲ ਵਿੱਚ ਪਾਉਣ ਦੀ ਜਾਚ' ਆ ਜਾਂਦੀ ਹੈ। ਉਹ ਆਪਣੇ ਘਰ ਜਾਂ ਕਿਸੇ ਪੀਰ ਫਕੀਰ ਦੇ ਬੂਹੇ 'ਤੇ ਚੌਂਕੀ 'ਲਾ ਲੈਂਦੇ ਨੇ । ਜ਼ਿਆਦਾਤਰ ਚੌਂਕੀਆਂ ਵੀਰਵਾਰ ਨੂੰ ਹੀ ਲੱਗਦੀਆਂ ਨੇ। ਅਜਿਹੇ ਅਖੌਤੀ ਸਿਆਣਿਆਂ ਕੋਲ- ਦੋ ਚਾਰ ਵਿਅਕਤੀ ਜਾਂ ਆਖ ਲਈਏ ਇਨ੍ਹਾਂ ਦੇ ਚੇਲੇ -ਚਪਟੇ/ ਗੁਮਾਸਤੇ ਜ਼ਰੂਰ ਹੁੰਦੇ ਨੇ ,ਜੋ ਇਨਾਂ ਦੀ ਝੂਠੀ ਸ਼ਲਾਘਾ ਕਰਦੇ ਰਹਿੰਦੇ ਹਨ। ਉਹ ਦਲਾਲੀ ਦਾ ਕੰਮ ਹੀ ਕਰਦੇ ਨੇ , ਕਮਜ਼ੋਰ ਮਾਨਸਿਕਤਾ ਵਾਲੇ ਮਾਨਸਿਕ ਰੋਗੀਆਂ ਨੂੰ ਇਨ੍ਹਾਂ ਪਰਜੀਵੀਆਂ ਕੋਲ ਲਿਆਉਂਦੇ ਹਨ ।

ਅਜਿਹੇ ਅਖੌਤੀ ਸਿਆਣਿਆਂ ਦੀਆਂ ਦੁਕਾਨਦਾਰੀ ਵਧੀਆ ਚਲਦੀ ਹੈ। ਮਾਨਸਿਕ ਰੋਗਾਂ ਅਤੇ ਸਰੀਰਕ ਅਲਾਮਤਾਂ ਨਾਲ ਸਤਾਏ ਲੋਕਾਂ ਦੀ ਇਹ ਅੰਨ੍ਹੇਵਾਹ ਲੁੱਟ ਕਰਦੇ ਨੇ ।

ਸਿਰਫ ਆਰਥਿਕ ਲੁੱਟ-ਖਸੁੱਟ ਹੀ ਨਹੀਂ ਕਰਦੇ , ਸਗੋਂ ਕਈ ਵਾਰੀ ਸਰੀਰਕ ਲੁੱਟ ਵੀ ਕਰ ਜਾਂਦੇ ਹਨ।

ਮੈਂ ਤਰਕਸ਼ੀਲ ਸੁਸਾਇਟੀ ਪੰਜਾਬ ਕੋਲ ਕਈ ਸਾਲ ਪਹਿਲਾਂ ਆਏ ਇੱਕ ਕੇਸ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ, ਕਿਵੇਂ ਅਖੌਤੀ ਸਿਆਣਿਆਂ ਨੇ ਇੱਕ ਕਾਰੋਬਾਰੀ ਵਿਅਕਤੀ ਨੂੰ ਮਾਨਸਿਕ ਰੋਗੀ ਬਣਾ ਦਿੱਤਾ ਸੀ ਵਿਅਕਤੀ ਕਿੱਤੇ ਵਜੋਂ ਵਧੀਆ ਮੰਨਿਆਂ -ਪ੍ਰਮੰਨਿਆਂ ਲੱਕੜ ਦਾ ਮਿਸਤਰੀ ਸੀ । ਉਸ ਦੀਆਂ ਚਾਰ ਧੀਆਂ ਸਨ । ਕੁਦਰਤੀ ਉਸ ਦੇ ਦਿਮਾਗ ਵਿੱਚ ਆਪਣੀਆਂ ਲੜਕੀਆਂ ਪ੍ਰਤੀ ਖਿਆਲ ਆਇਆ, ਉਨ੍ਹਾਂ ਦੇ ਭਵਿੱਖ ਤੇ ਸਮਾਜਿਕ ਮਾਹੌਲ ਬਾਰੇ ਸੋਚ ਕੇ ਦਿਮਾਗ਼ ਵਿੱਚ ਨਿਰਾਸ਼ਾ ਆ ਗਈ । ਇਹ ਸੋਚ ਕੇ ਹੌਲੀ ਹੌਲੀ ਉਸਦੇ ਮਨ ਅੰਦਰ ਨਿਰਾਸ਼ਾ ਭਾਰੂ ਹੋ ਗਈ,ਉਹ ਸਦਾ ਨਿਰਾਸ਼ਾ ਤੇ ਉਚਾਟਤਾ ਵਿੱਚ ਡੁਬਿਆ ਰਹਿਣ ਲੱਗਾ । ਉਸਨੂੰ ਕੁੱਝ ਵੀ ਸੁੱਝਣੋ ਹਟ ਗਿਆ । ਉਸਦੇ ਮਨ ਉੱਤੇ ਇਸ ਤਰ੍ਹਾਂ ਦਾ ਗਹਿਰਾ ਪ੍ਰਭਾਵ ਪਿਆ ਕਿ ਉਹ ਚਿੰਤਾ ਦੇ ਡੂੰਘੇ ਸਮੁੰਦਰ ਵਿੱਚ ਡੁੱਬ ਗਿਆ।ਉਹ ਆਪਣੀਆਂ ਧੀਆਂ ਦੇ ਭਵਿੱਖ ਬਾਰੇ ਸੋਚਦਾ ਰਹਿੰਦਾ। ਅਜੇ ਉਸਦੀਆਂ ਲੜਕੀਆਂ ਕੰਵਾਰੀਆਂ ਸਨ। ਚਿੰਤਾ ਤੇ ਨਿਰਾਸ਼ਾ 'ਚ ਡੁੱਬਣ ਕਾਰਨ ਤੇ ਅੰਧਵਿਸ਼ਵਾਸੀ ਪਰਿਵਾਰ ਹੋਣ ਕਾਰਨ ਉਸਨੂੰ ਮਹਿਸੂਸ ਹੋਣ ਲੱਗਾ ਕਿ ਉਸਨੂੰ ਕੋਈ ਓਪਰੀ ਸ਼ੈਅ ਚਿੰਬੜ ਗਈ ਹੈ, ਜਿਸ ਕਾਰਨ ਉਹ ਹਰ ਸਮੇਂ ਡਰਿਆ ਡਰਿਆ ਰਹਿਣ ਲੱਗਾ। ਕੁਦਰਤੀ ਕੰਮ ਵੀ ਘੱਟ ਗਿਆ। ਉਸ ਦੀ ਘਰ ਵਾਲੀ ਦੇ ਮਨ ਵਿੱਚ ਇਹ ਭਰਮ ਪੈਦਾ ਹੋ ਗਿਆ ਹੈ ਕਿ ਉਸਨੂੰ ਕੋਈ ਭੂਤ-ਪ੍ਰੇਤ ਚਿੰਬੜਿਆ ਹੋਇਆ ਹੈ। ਜਦ ਇਸ ਤਰ੍ਹਾਂ ਉਸਦੀ ਦਿਲਗੀਰੀ ਵਧਦੀ ਗਈ ਤਾਂ ਉਸ ਦੀ ਘਰ ਵਾਲੀ ਉਸਨੂੰ ਆਪਣੇ ਪਿੰਡ ਦੇ ਸਿਆਣੇ ਕੋਲ ਲੈ ਗਈ, ਜੋ ਪੁੱਛਾਂ ਦੇਣ ਦਾ ਕੰਮ ਕਰਦਾ ਸੀ। ਉਸ ਅਖੌਤੀ ਸਿਆਣੇ ਨੇ ਉਸਨੂੰ ਆਪਣੇ ਚੁੰਗਲ ਵਿੱਚ ਫਸਾ ਲਿਆ ਤੇ ਖ਼ੂਬ ਡਰਾਇਆ। ਕਹਿੰਦਾ ,"ਇਸਨੂੰ ਦੋ ਚੂੜੇਲਾਂ ਚਿੰਬੜੀਆਂ ਹੋਈਆਂ ਹਨ।" ਜਦ ਉਸ ਕੋਲ ਠੀਕ ਨਾ ਹੋਇਆ ਤਾਂ ਉਹ ਇਕ ਤੋਂ ਬਾਅਦ ਦੂਜੇ ਅਖੌਤੀ ਸਿਆਣੇ ਕੋਲ ਜਾਂਦੇ ਰਹੇ।ਸਾਰਿਆਂ ਨੇ ਇਲਾਜ ਲਈ ਕੜਾਹੀ , ਟੂਣੇ ਤੇ ਢਾਲੇ ਦੇ ਨਾਉਂ ਹੇਠ ਕਾਫੀ ਪੈਸੇ ਲੁੱਟੇ। ਅਖੌਤੀ ਸਿਆਣਿਆਂ ਕੋਲ ਜਾਂਦਿਆਂ ਉਸ ਦੀ ਮਨੋਦਸ਼ਾ ਵਿਗੜਦੀ ਗਈ, ਨੀਂਦ ਤੇ ਭੁੱਖ ਘਟ ਗਈ।ਛੇ ਮਹੀਨੇ ਵੱਖ ਵੱਖ ਸਿਆਣਿਆਂ ਕੋਲ ਜਾਂਦੇ ਰਹੇ,ਹਾਲਤ ਬਦ ਤੋਂ ਬਦਤਰ ਹੁੰਦੀ ਗਈ ,ਕਈ ਸਿਆਣਿਆਂ ਕੋਲ ਲੁੱਟ ਕਰਾਉਣ ਤੋਂ ਬਾਅਦ ਉਨ੍ਹਾਂ ਇਕ ਅਧਿਆਪਕ ਦੇ ਕਹਿਣ ਤੇ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਨਾਲ ਸੰਪਰਕ ਕੀਤਾ ਤੇ ਅਸੀਂ ਉਨਾਂ ਨੂੰ ਆਪਣੇ ਕੋਲ ਬੁਲਾਇਆ ।ਸਾਡੀ ਤਿੰਨ ਮੈਂਬਰੀ ਕ੍ਰਿਸ਼ਨ ਸਿੰਘ,ਗੁਰਦੀਪ ਸਿੰਘ ਤੇ ਮੇਰੇ ਆਧਾਰਿਤ ਤਰਕਸ਼ੀਲ ਟੀਮ ਨੇ ਮਨੋਵਿਗਿਆਨਕ ਤੇ ਵਿਗਿਆਨਕ ਆਧਾਰ ਤੇ ਪੜਤਾਲ ਕਰਨ ਉਪਰੰਤ ਪਾਇਆ ਗਿਆ ਕਿ ਸਮਾਜਿਕ ਅਸੁਰੱਖਿਆ ਦੇ ਮਾਹੌਲ ਬਾਰੇ ਸੋਚ ਕੇ ਆਪਣੀਆਂ ਲੜਕੀਆਂ ਦੇ ਭਵਿੱਖ ਬਾਰੇ ਚਿੰਤਤ ਸੀ। ਉਸ ਉਪਰੰਤ ਅਖੌਤੀ ਸਿਆਣਿਆਂ ਨੇ ਉਸਨੂੰ ਮਾਨਸਿਕ ਰੋਗੀ ਬਣਾਇਆ ਹੋਇਆ ਸੀ। ਅਖੌਤੀ ਸਿਆਣਿਆਂ ਖ਼ੂਬ ਲੁੱਟਿਆ ਤੇ ਉਸ ਦੀ ਮਾਨਸਿਕਤਾ ਵਿਗਾੜ ਦਿੱਤਾ,ਇਹ ਭਰਮ ਪੈਦਾ ਕਰ ਦਿੱਤਾ ਕਿ ਉਸ 'ਤੇ ਓਪਰੀ ਸ਼ੈਅ ਦਾ ਅਸਰ ਹੈ। ਅਸੀਂ ਉਸ ਨੂੰ ਚਾਹ ਪਾਣੀ ਪਿਲਾਉਣ ਤੋਂ ਬਾਅਦ, ਗੱਲਾਂ ਬਾਤਾਂ ਰਾਹੀਂ ਭੂਤ ਪ੍ਰੇਤ ਦੀ ਅਣਹੋਂਦ ਬਾਰੇ ਵਿਸਵਾਸ਼ ਦਵਾਇਆ ਤੇ ਉਸਾਰੂ ਤੇ ਸਾਰਥਿਕ ਸੁਝਾਅ ਦਿੱਤੇ।ਉਹ ਗਲਬਾਤ ਵਿਧੀ ਰਾਹੀਂ ਪੂਰੀ ਤਰ੍ਹਾਂ ਸਾਡੇ ਵਿਸ਼ਵਾਸ ਵਿੱਚ ਆ ਚੁੱਕਿਆ ਸੀ।ਉਸ ਦੇ ਮਨ ਵਿੱਚੋਂ ਮਨੋਕਲਪਤ ਭੂਤਾਂ ਪ੍ਰੇਤਾਂ ,ਚੂੜੇਲਾਂ ਦੇ ਡਰ ਨੂੰ ਸਾਫ ਕੀਤਾ।ਉਹ ਕਾਫੀ ਠੀਕ ਮਹਿਸੂਸ ਕਰ ਰਿਹਾ ਸੀ। ਉਸਨੂੰ ਅਖੌਤੀ ਸਿਆਣਿਆਂ ਦੀ ਅਸਲੀਅਤ ਬਾਰੇ ਜਾਣੂੰ ਕਰਵਾਇਆ।ਉਸ ਦੇ ਕਾਰੋਬਾਰ ਬਾਰੇ ਵਿਸਥਾਰਤ ਗਲਬਾਤ ਕੀਤੀ, ਕਾਰੋਬਾਰ ਵਧੀਆ ਸੀ, ਮਾਹਿਰ ਮਿਸਤਰੀ ਸੀ। ਲੜਕੀਆਂ ਨੂੰ ਸਮਝਦਾਰ, ਸਿਆਣੀਆਂ ਬਣਾਉਣ, ਉਨ੍ਹਾਂ ਨੂੰ ਪੜ੍ਹਾਉਣ ਤੇ ਵਿਗਿਆਨਕ ਸੋਚ ਦੀਆਂ ਧਾਰਨੀਆਂ ਬਣਾਉਣ ਦੇ ਉਸਾਰੂ ਸੁਝਾਅ ਦਿੱਤੇ। ਅਸੁਰੱਖਿਅਤ ਸਮਾਜਿਕ ਮਹੌਲ ਤੇ ਓਪਰੀ ਸ਼ੈਅ ਦੇ ਸਾਰੇ ਭਰਮ ਦੂਰ ਕੀਤੇ ।

ਉਸ ਨੂੰ ਆਏ ਤੀਜੇ ਦਿਨ ਤਿੰਨ ਵਾਰ ਬੁਲਾਇਆ ਗਿਆ।ਤੀਜੇ ਦਿਨ ਉਸ ਦੇ ਚਿਹਰੇ ਤੇ ਆਈ ਮੁਸਕਰਾਹਟ ਉਸਦੇ ਠੀਕ ਹੋਣ ਦੀ ਗਵਾਹੀ ਸੀ ਅਪਣਤ ਭਰੇ ਸਾਰਥਿਕ ਤੇ ਚੜ੍ਹਦੀ ਕਲਾ ਵਾਲੇ ਸੁਝਾਵਾਂ ਰਾਹੀਂ ਉਸਦੇ ਅਚੇਤ ਮਨ ਵਿੱਚ ਬੈਠਾ ਓਪਰੀ ਸ਼ੈਅ ਦਾ ਡਰ ਖੰਭ ਲਾ ਕੇ ਰਫ਼ੂ ਚੱਕਰ ਹੋ ਚੁੱਕਿਆ ਸੀ। ਇੱਕ ਮਹੀਨੇ ਬਾਅਦ ਜਦ ਉਹ ਸਾਡੇ ਕੋਲ ਪਰਿਵਾਰ ਸਮੇਤ ਆਇਆ ਤਾਂ ਇਸ ਸਮੇਂ ਉਸਦੀਆਂ ਅੱਖਾਂ ਵਿੱਚ ਚਮਕ ਸੀ ਅਤੇ ਉਹ ਬਹੁਤ ਖੁਸ਼ ਨਜ਼ਰ ਆ ਰਿਹਾ ਸੀ। ਉਸਨੇ ਆਪਣਾ ਕਿੱਤਾ ਪੂਰੀ ਮਿਹਨਤ ਤੇ ਤਨਦੇਹੀ ਨਾਲ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸ ਦੇ ਘਰ ਵਿੱਚ ਮੁੜ ਖੁਸ਼ੀਆਂ ਪਰਤ ਆਈਆਂ ਸਨ।ਉਸ ਦੇ ਪਰਿਵਾਰ ਨੂੰ ਅਖੌਤੀ ਭੂਤਾਂ ਪ੍ਰੇਤਾਂ ਤੇ ਅਖੌਤੀ ਸਿਆਣਿਆਂ, ਤਾਂਤਰਿਕਾਂ ਦੀ ਅਸਲੀਅਤ ਬਾਰੇ ਵਿਸਥਾਰ ਪੂਰਵਕ ਸਮਝਾਇਆ,ਉਸ ਦੇ ਨਾਲ ਆਈਆਂ ਉਸ ਦੀਆਂ ਲੜਕੀਆਂ ਨੂੰ ਤਰਕਸ਼ੀਲ ਮੈਗਜ਼ੀਨ ਪੜ੍ਹਨ ਲਈ ਪ੍ਰੇਰਿਤ ਕੀਤਾ ਤੇ ਵਿਗਿਆਨਕ ਵਿਚਾਰਾਂ ਵਾਲਾ ਕਾਫੀ ਸਾਹਿਤ ਪੜ੍ਹਨ ਲਈ ਦਿੱਤਾ ਤੇ ਵਿਗਿਆਨਕ ਸੋਚ ਅਪਣਾਉਣ ਤੇ ਇਸ ਵਿਚਾਰਧਾਰਾ ਨੂੰ ਅੱਗੇ ਪ੍ਰਚਾਰਨ ਦਾ ਸੁਨੇਹਾ ਦੇ ਕੇ ਤੋਰਿਆ।



**ਮਾਸਟਰ ਪਰਮਵੇਦ**
**ਜ਼ੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**#ਅਫਸਰ ਕਲੋਨੀ ਸੰਗਰੂਰ**
9417422349

# ਕੰਨਿਆ ਸਕੂਲ, ਰੋਪੜ ਦੀ ਅਧਿਆਪਕਾ ਜਵਤਿੰਦਰ ਕੌਰ ਨੈਸ਼ਨਲ ਅਵਾਰਡ ਨਾ਼ਲ ਸਨਮਾਨਿਤ

**ਰੋਪੜ, (ਰੋਮੀ ਘੜਾਮਾਂ):** ਆਪਣੇ ਸਮਾਜਿਕ ਕਾਰਜਾਂ ਅਤੇ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀ ਲਿਆਉਣ ਵਜੋਂ ਜਾਣੀ ਜਾਂਦੀ ਸੰਸਥਾ "ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਆਫ ਪੰਜਾਬ ਵੱਲੋਂ ਸੀਜ਼ਨ: 05 ਫੈਪ (ਢਅਫ) ਨੈਸ਼ਨਲ ਅਵਾਰਡਜ਼: 2025 ਨਾ਼ਲ ਸਬੰਧਤ ਸਮਾਗਮ ਚੰਡੀਗੜ੍ਹ ਯੂਨੀਵਰਸਿਟੀ ਘੜੂ-ਆਂ ਵਿਖੇ ਕੀਤਾ ਗਿਆ। ਜਿਸ ਵਿੱਚ ਸ.ਸ.ਸ.ਸ. (ਕੰਨਿਆ) ਦੇ ਲੈਕਚਰਾਰ ਬਾਇਓ ਜਵਤਿੰਦਰ ਕੌਰ ਨੂੰ ਫੈਪ, 2025 ਨੈਸ਼ਨਲ ਅਵਾਰਡਜ਼ ਤਹਿਤ ਲਾਈਫ ਟਾਈਮ ਅਚੀਵਮੈਂਟ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਸਮੁੱਚੇ ਸਕੂਲ ਪ੍ਰਬੰਧਨ ਅਤੇ ਵਿਦਿਆਰਥਣਾਂ ਵੱਲੋਂ ਇਸ ਪ੍ਰਾਪਤੀ 'ਤੇ ਮਾਣ ਵਜੋਂ




ਪ੍ਰਿੰਸੀਪਲ ਸੰਦੀਪ ਕੌਰ ਨੇ ਜਵਤਿੰਦਰ ਕੌਰ ਨੂੰ ਵਧਾਈ ਦਿੱਤੀ ਅਤੇ ਉਹਨਾਂ ਦੁਆਰਾ ਸਿੱਖਿਆ ਦੇ ਖੇਤਰ ਵਿੱਚ ਕੀਤੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ।

# ਵੈਦ ਦੀ ਕਲਮ ਤੋਂ

## ਸਾਡੀ ਸਿਹਤ ਬਾਰੇ ਆਮ ਗੱਲਾਂ

ਅੱਜ ਜੇਕਰ ਮੋਟੇ ਤੌਰ ਤੇ ਦੇਖਿਆ ਜਾਵੇ ਤਾਂ ਲੀਵਰ ਦੀ ਬਿਮਾਰੀ ਤੋਂ ਪੀੜਤ 80ਪਰਸੈਂਟ, ਕੋਲੈਸਟਰੋਲ ਤੋਂ ਸੱਤਰ ਪਰਸੈਂਟ, ਯੂਰੀਕ ਐਸਿਡ ਤੋ ਤਕਰੀਬਨ ਵੀਹ ਪਰਸੈਂਟ, ਕਬਜ਼ੀ ਤੋਂ ਚਾਲੀ ਪਰਸੈਂਟ, ਦਿਲ ਦੀਆਂ ਬਿਮਾਰੀਆਂ ਦੇ ਮਰੀਜ਼ ਹਾਲੇ। ਘੱਟ ਨੇ, ਪਰ ਬਿਮਾਰੀ ਵਧ ਰਹੀ ਹੈ। ਜਦਕਿ ਇਹ ਅਸਲ ਵਿੱਚ ਪੰਜ ਪਰਸੈਂਟ ਤੋਂ ਵੀ ਘੱਟ ਨੇ। ਜਿਵੇਂ ਸ਼ੂਗਰ ਦੇ ਮਰੀਜ਼ ਮੈਡੀਕਲ ਮਾਫੀਆਂ ਨੇ ਚਾਲੀ ਪਰਸੈਂਟ ਤੱਕ ਬਣਾ ਰੱਖੇ, ਪਰ ਅਸਲ ਵਿੱਚ ਇਹਨਾ ਦੀ ਗਿਣਤੀ ਪੰਜ ਤੋਂ ਸੱਤ ਪਰਸੈਂਟ ਵੀ ਨਹੀਂ।

ਇਹ ਇੱਕ ਬਹੁਤ ਵੱਡੀ ਖੇਡ ਹੈ।

ਇਹਨਾ ਬਿਮਾਰੀਆਂ ਤੋਂ ਇਲਾਵਾ, ਅੱਗੇ ਸਭ ਤੋਂ ਵੱਡੀ ਬਿਮਾਰੀ ਆਉਂਦੀ ਹੈ ਮਰਦਾਨਾ ਕਮਜੋਰੀ ਦੀ।

ਜਿਹੜੀ ਦਰਅਸਲ ਆਦਮੀ ਨੂੰ ਹੁੰਦੀ ਹੀ ਨਹੀਂ। ਹੁੰਦੀ ਹੈ ਤਾਂ ਦਿਮਾਗ ਦੇ ਹੌਲੇ ਆਦਮੀਆਂ ਨੂੰ। ਬਹੁਤ ਛੋਟੀ ਜਿਹੀ ਗੱਲ ਹੈ ਇਹ। ਜੇਕਰ ਸਮਝ ਗਏ ਤਾਂ ? ਨਹੀਂ ਫਿਰ ਲੁਟਣ ਲਈ ਦਰਵਾਜ਼ੇ ਖੁੱਲ੍ਹੇ ਨੇ।

ਬਾਕੀ ਕੋਸ਼ਿਸ਼ ਕਰਾਂਗਾ ਕਿ ਅਗਲੀ ਪੋਸਟ ਇਸ ਤੋਂ ਵੀ ਸੋਹਣੀ ਹੋਵੇ ਲੋਕਾਈ ਦਾ ਭਲਾ ਚਾਹੁਣ ਵਾਲਾ।



**ਵੈਦ ਬਲਵਿੰਦਰ ਸਿੰਘ ਢਿੱਲੋ**
**ਵਿੰਨੀਪੈਗ ਵਾਲਾ।**

# ਰਮੇਸ਼ਵਰ ਸਿੰਘ ਪੰਜਾਬੀ ਮਾਂ ਬੋਲੀ ਦਾ ਹਿਤੈਸ਼ੀ ‘ਤੇ ਨਿਧੜਕ ਸ਼ਖ਼ਸੀਅਤ

ਪੰਜਾਬੀ ਨੂੰ 13 ਅਪ੍ਰੈਲ 1968 ਨੂੰ ਪੰਜਾਬ ਸਰਕਾਰੀ ਭਾਸ਼ਾ ਐਕਟ, 1967 ਦੇ ਤਹਿਤ ਪੰਜਾਬ ਦੀ ਸਰਕਾਰੀ ਭਾਸ਼ਾ ਘੋਸ਼ਿਤ ਕੀਤਾ ਗਿਆ ਸੀ। ਇਸ ਐਕਟ ਨੇ ਗੁਰਮੁਖੀ ਲਿਪੀ ਵਿੱਚ ਲਿਖੀ ਪੰਜਾਬੀ ਨੂੰ ਪੰਜਾਬ ਰਾਜ ਵਿੱਚ ਸਾਰੇ ਸਰਕਾਰੀ ਅਤੇ ਪ੍ਰਸ਼ਾਸਕੀ ਉਦੇਸ਼ਾਂ ਲਈ ਸਰਕਾਰੀ ਭਾਸ਼ਾ ਵਜੋਂ ਮਾਨਤਾ ਦਿੱਤੀ ਗਈ ਸੀ ਪਰ ਅਫ਼ਸੋਸ ਕਿ ਏਨੇ ਦਹਾਕੇ ਬੀਤਣ ਤੇ ਵੀ,ਇਹ ਅਜੇ ਤੱਕ ਪੂਰਨ ਰੂਪ ਵਿੱਚ ਲਾਗੂ ਨਹੀਂ ਹੋ ਸਕਿਆ।

ਸਮੇਂ-ਸਮੇਂ ਦੀ ਸਰਕਾਰ ਨੇ ਵੀ ਇਸ ਐਕਟ ਨੂੰ ਪੂਰਨ ਰੂਪ ਵਿੱਚ ਲਾਗੂ ਕਰਨ ਦੀ ਐਕਟਿੰਗ ਦੇ ਸਿਵਾ ਹੋਰ ਕੋਈ ਬਹੁਤਾ ਸਾਰਥਿਕ ਕਾਰਜ ਨਹੀਂ ਕੀਤਾ। ਇਹ ਭਲਾ ਕਿਉਂ? ਇਸ ਬਾਰੇ ਤਾਂ ਉਹੀ ਜਾਣਦੀਆਂ ਹਨ ਪਰ ਹਾਂ,ਇਸ ਐਕਟ ਨੂੰ ਲਾਗੂ ਕਰਵਾਉਣ ਲਈ,ਕਈ ਅਨੇਕ ਸਭਾ ਸੁਸਾਇਟੀਆਂ, ਮੰਚ, ਸੰਸਥਾਵਾਂ ਅਤੇ ਕੁੱਝ ਵਕਾਲਤ ਦੇ ਪੇਸ਼ਾਵਰ ਸੱਜਣ ਅੱਜ ਵੀ ਸਰਗਰਮ ਹਨ,ਜਿੰਨਾ ਵਿੱਚੋਂ ਸ੍ਰੀ ਮਿੱਤਰ ਸੈਨ ਮੀਤ ਅਤੇ ਸ੍ਰੀ ਨਿਖਿਲ ਥੰਮ੍ਹਣ ਪ੍ਰਮੁੱਖ ਨਾਮ ਲਏ ਜਾ ਸਕਦੇ ਹਨ।

ਇਸੇ ਕਾਰਜ ਨੂੰ ਅੱਗੇ ਵਧਾਉਣ ਲਈ,ਉਨ੍ਹਾਂ ਦੇ ਨਾਲ ਹੋਰ ਵੀ ਬਹੁਤ ਵਿਅਕਤੀ ਜੁੜੇ ਹੋਏ ਹਨ,ਜਿਨ੍ਹਾਂ ਵਿੱਚੋਂ ਇੱਕ ਰਮੇਸ਼ਵਰ ਸਿੰਘ ਸਿਰ ਕੱਢ ਹਨ, ਜੋ ਆਪਣੇ ਵਿੱਤ ਅਨੁਸਾਰ ਪੰਜਾਬੀ ਭਾਸ਼ਾ ਨੂੰ ਸਰਕਾਰੀ ਦਫ਼ਤਰਾਂ ਅਤੇ ਸਕੂਲਾਂ,ਕਾਲਜਾਂ ਵਿੱਚ ਉਪਰੋਕਤ ਐਕਟ ਅਧੀਨ ਲਾਗੂ ਕਰਾਉਣ ਵਿੱਚ ਆਪਣੀ ਹਿੰਮਤ ਅਤੇ ਦ੍ਰਿੜਤਾ ਨਾਲ ਸਰਗਰਮ ਅਤੇ ਯਤਨਸ਼ੀਲ ਦਿਖਾਈ ਦਿੰਦੇ ਹਨ।

ਰਮੇਸ਼ਵਰ ਸਿੰਘ, ਸੰਗਰੂਰ ਤੋਂ ਪੱਤਰਕਾਰ ਅਤੇ ਮਰਚੈਂਟ ਨੇਵੀ ਦਾ ਸੇਵਾਮੁਕਤ ਅਫ਼ਸਰ ਦਾ ਜ਼ਿਕਰ ਮੈਂ ਇਸ ਲਈ ਕਰਨਾ ਚਾਹੁੰਦਾ ਹਾਂ ਕਿ ਉਸ ਬਾਰੇ,ਇਸ ਵਿਸ਼ੇ ‘ਤੇ ਅਖ਼ਬਾਰਾਂ ਅਤੇ ਫੇਸ ਬੁੱਕ ਦੇ ਮਾਧਿਅਮ ਰਾਹੀ ਕਾਫ਼ੀ ਪੜ੍ਹਿਆ ਲਿਖਿਆ ਜਾ ਚੁੱਕਿਆ ਹੈ। ਉਹ ਪੰਜਾਬੀ ਮਾਂ ਬੋਲੀ ਦੇ ਹੱਕ-ਸੱਚ ਦੇ ਸੰਘਰਸ਼ ਵਿੱਚ ਆਪਣਾ ਪੂਰਾ ਤਾਣ ਲਾ ਦਿੰਦਾ ਹੈ। ਸਮਾਜ ਵਿੱਚ ਕਿਸੇ ਕਿਸਮ ਦੀ ਪੰਜਾਬੀ ਮਾਂ ਬੋਲੀ ਅਤੇ ਸਬੰਧਿਤ ਮਾਮਲਿਆਂ ‘ਚ ਅਣਗਹਿਲੀ ਜਾਂ ਧੱਕੇਸ਼ਾਹੀ ਨੂੰ ਬਰਦਾਸ਼ਤ ਨਹੀਂ ਕਰਦਾ, ਸਗੋਂ ਹੱਕ ਤੇ ਸੱਚ ਦਾ ਪਹਿਰੇਦਾਰ ਬਣ ਕੇ ਆਪਣਾ ਆਪਾ ਵਾਰਨ ਤੱਕ ਤਿਆਰ ਰਹਿੰਦਾ ਹੈ।ਪਿੱਛੇ ਜਿਹੇ, ਪੰਜਾਬ ਰਾਜ ਭਾਸ਼ਾ (ਸੋਧ) ਐਕਟ



2008 ਦੀ ਧਾਰਾ 3-ਬੀ ਦੀ ਪਾਲਨਾ ਕਰਨ ਉਲੰਘਣਾ ਬਾਰੇ,ਮਹਿਕਮੇ ਦੇ ਉੱਚ ਅਫ਼ਸਰਾਂ ਨੂੰ ਸੁਚੇਤ ਕਰਵਾਇਆ ਅਤੇ ਇਹ ਜਾਣ ਕੇ ਖ਼ੁਸ਼ੀ ਹੋਈ ਕਿ ਰਮੇਸ਼ਵਰ ਸਿੰਘ ਅਤੇ ਇਹਨਾਂ ਦੇ ਵਕੀਲ ਸਾਹਿਬਾਨ ਦੀ ਮਿਹਨਤ ਨੂੰ ਬੂਰ ਪਿਆ। ਇਸ ਸੰਬੰਧ ਵਿੱਚ ਮਿਤੀ 01-12-2025 ਨੂੰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ, ਰਜਿਸਟਰਡ ਦਫ਼ਤਰ ਪਟਿਆਲਾ ਨੇ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਨੂੰ ਲਿਖਿਆ ਹੈ ਕਿ ਪੰਜਾਬ ਰਾਜ ਭਾਸ਼ਾ ਸੋਧ ਐਕਟ 2017 'ਤੇ ਕਾਰਵਾਈ ਕੀਤੀ ਜਾ ਰਹੀ ਹੈ। ਪੀ ਐਸ ਪੀ ਸੀ ਐਲ ਦੀ ਵੈੱਬਸਾਈਟ ਉੱਪਰ ਅਤੇ ਮੋਬਾਈਲ ਐਪ ਦੇ ਨਵੇਂ ਸੰਸਕਰਨ ਵਿੱਚ ਬਿੱਲ ਦੋਵੇਂ ਭਾਸ਼ਾਵਾਂ (ਪੰਜਾਬੀ ਅਤੇ ਅੰਗਰੇਜ਼ੀ) ਵਿੱਚ ਡਾਊਨਲੋਡ ਕਰਨ ਦੀ ਵਿਵਸਥਾ ਕੀਤੀ ਜਾ ਚੁੱਕੀ ਹੈ। ਇਸ ਦੇ ਨਾਲ ਹੀ ਸਾਰੇ ਵਿਭਾਗਾਂ ਨੂੰ ਅੰਦਰੂਨੀ ਪੱਤਰ ਵਿਹਾਰ ਪੰਜਾਬੀ ਭਾਸ਼ਾ ਵਿੱਚ ਕਰਨ ਸਬੰਧੀ ਬਣਦੀਆਂ ਹਦਾਇਤਾਂ ਜਾਰੀ ਕਰਵਾ ਦਿੱਤੀਆਂ ਜਾਣਗੀਆਂ। ਪੂਰਾ ਪੱਤਰ ਤਾਂ ਬਹੁਤ ਵੇਰਵੇ ਭਰਪੂਰ ਹੈ।

ਮੈਂ ਇਸ ਆਰਡਰ ਨੂੰ ਉਨ੍ਹਾਂ ਦੀ ਅਦੁੱਤੀ ਮਿਹਨਤ ਦਾ ਸਫਲਤਾਪੂਰਵਕ ਤਮਗ਼ਾ ਸਮਝ ਦਾ ਹਾਂ। ਇਸੇ ਤਰਾਂ,ਪਿਛਲੇ ਦਿਨਾਂ ‘ਚ ਨਿਡਰਤਾ ਅਤੇ ਦਲੇਰੀ ਨਾਲ ਫੇਸ ਬੁੱਕ ਦੇ ਮਾਧਿਅਮ ਰਾਹੀ, ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਪਟਿਆਲਾ ਨੂੰ ਵੀ ਪੰਜਾਬੀ ਦੇ ਵਿਸ਼ੇ ਤੇ ਚਿੱਠੀ ਲਿਖੀ ਸੀ ਅਤੇ ਉਸ ਤੇ ਜੋ ਜਵਾਬੀ ਟਿੱਪਣੀ ਪੜ੍ਹਨ ਨੂੰ ਮਿਲੀ, ਉਹ ਨਾ ਲਿਖਣੀ ਬਿਹਤਰ। ਰਮੇਸ਼ਵਰ ਸਿੰਘ ਦਾ ਇਸ ਤਰ੍ਹਾ ਡਾਇਰੈਕਟਰ ਅਤੇ ਇੰਚਾਰਜ ਅਧਿਕਾਰੀਆਂ ਨਾਲ ਨਿਯਮਤ ਤੌਰ ‘ਤੇ ਪੱਤਰ ਵਿਹਾਰ ਕਰਨਾ ਅਸਰ ਭਰਪੂਰ ਤਾਂ ਹੁੰਦਾ ਹੀ ਹੈ,ਜਿਸ ਨਾਲ ਹੈੱਡ ਅਤੇ ਸੰਬੰਧਿਤ ਅਮਲਾ ਉਸ ਸਮੱਸਿਆ ਨੂੰ ਹੱਲ ਕਰਨ ਬਾਰੇ ਫਿਰ ਤੋਂ ਸੋਚਣਾ ਤਾਂ ਸ਼ੁਰੂ ਕਰ ਹੀ ਦਿੰਦਾ ਹੈ ਅਤੇ ਯਕੀਨੀ ਤੌਰ 'ਤੇ ਉਨ੍ਹਾਂ ਚੀਜ਼ਾਂ ਨੂੰ ਲਾਗੂ ਕਰਨ ਵਿੱਚ ਖੜੋਤ ਨੂੰ ਧੱਕਾ ਦੇਣ ਦੀ ਮਦਦ ਵੀ ਹੁੰਦੀ ਹੈ। ਮੈਂ ਅੰਤ ਵਿੱਚ ਇਹੀ ਕਹਿਣਾ ਚਾਹਾਂਗਾ ਕਿ ਅਜਿਹੀ ਉੱਚੀ-ਸੁੱਚੀ ਨਿਧੜਕ ਸ਼ਖ਼ਸੀਅਤ, ਜੋ ਸਮਾਜ-ਸੇਵੀ ਦੇ ਰੂਪ ਵਿੱਚ ਸੱਚ ਬੋਲਣ ਅਤੇ ਲਿਖਣ ਤੋਂ ਭੈ ਰਹਿਤ ਹੋਵੇ, ਸਾਡੇ ਭਾਈਚਾਰੇ ਨੂੰ ਇਹ ਪੰਜਾਬੀ ਬੋਲੀ ਦੀ ਤਰੌਂਕੀ ਦੇ ਸਾਂਝੇ ਮਸਲਿਆਂ ਲਈ,ਉਸ ਦਾ ਭਰਪੂਰ ਸਾਥ ਦੇਣਾ ਬਣਦਾ ਹੈ।



**ਸੁਰਜੀਤ ਸਿੰਘ ਭੁੱਲਰ**

## ਸਰਦਾਰਨੀ ਜਸਵਿੰਦਰ ਕੌਰ ਗਰੇਵਾਲ ਯਾਦਗਾਰੀ ਸਮਾਗਮ 7 ਦਸੰਬਰ ਨੂੰ

**ਸੰਗਰੂਰ, (ਰਮੇਸ਼ਵਰ ਸਿੰਘ)** ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ 7 ਦਸੰਬਰ ਦਿਨ ਐਤਵਾਰ ਨੂੰ ਸਵੇਰੇ 10:00 ਵਜੇ ਲੇਖਕ ਭਵਨ, ਹਰੇੜੀ ਰੋਡ, ਸੰਗਰੂਰ ਵਿਖੇ ਸਰਦਾਰਨੀ ਜਸਵਿੰਦਰ ਕੌਰ ਗਰੇਵਾਲ ਯਾਦਗਾਰੀ ਸਮਾਗਮ ਕਰਵਾਇਆ ਜਾ ਰਿਹਾ ਹੈ। ਉੱਘੇ ਗੀਤਕਾਰ ਮੀਤ ਸਕਰੌਦੀ ਅਤੇ ਉਨ੍ਹਾਂ ਦੇ ਪਰਿਵਾਰ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਸਾਹਿਤਕ ਸਮਾਗਮ ਦੀ ਪ੍ਰਧਾਨਗੀ ਡਾ. ਭਗਵੰਤ ਸਿੰਘ ਪ੍ਰਧਾਨ ਪੰਜਾਬੀ ਸਾਹਿਤ ਸਭਾ ਸੰਗਰੂਰ (ਰਜਿ:) ਕਰਨਗੇ ਅਤੇ ਹਰਪ੍ਰੀਤ ਕੌਰ ਪੀ. ਈ. ਐੱਸ, ਮੁੱਖ ਅਧਿਆਪਿਕਾ ਸਰਕਾਰੀ ਹਾਈ ਸਕੂਲ ਧੂਰਕੋਟ ਅਤੇ ਬਲਾਕ ਨੋਡਲ ਅਫ਼ਸਰ ਬਰਨਾਲਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ। ਸਿਰਮੌਰ ਪੰਜਾਬੀ ਸਾਹਿਤਕਾਰ ਡਾ. ਮੀਤ ਖਟੜਾ ਅਤੇ ਡਾ. ਅਰਵਿੰਦਰ ਕੌਰ ਕਾਕੜਾ ਮੀਤ ਪ੍ਰਧਾਨ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਉਚੇਚੇ ਤੌਰ 'ਤੇ ਸਮਾਗਮ ਵਿੱਚ ਪਹੁੰਚ ਰਹੇ ਹਨ। ਇਸ ਮੌਕੇ ਹੋਣ ਵਾਲੇ ਵਿਸ਼ਾਲ ਕਵੀ ਦਰਬਾਰ ਵਿੱਚ ਪਾਠਕ ਭਰਾਵਾਂ ਦਾ ਪ੍ਰਸਿੱਧ ਕਵੀਸ਼ਰੀ ਜਥਾ ਵੀ ਸਰੋਤਿਆਂ ਨੂੰ ਨਿਹਾਲ ਕਰੇਗਾ।

for more news visit:
www.samajweekly.com

## 02 ਦਿਸੰਬਰ,1964 ਬਾਹਠਵੇਂ ਜਨਮ ਦਿਨ ਨੂੰ ਸਮਰਪਿਤ ਹੈ

## ਜ਼ਿੰਦਗੀ ਜਿੰਦਾਬਾਦ ਰਹੇ

ਉਮਰ ਵੱਧਦੀ ਜਾ ਰਹੀ, ਘੱਟ ਹੁੰਦੀ ਜਾ ਰਹੀ ਸਾਹਾਂ ਦੀ ਡੋਰ।
ਸਮਾਂ ਕਦੇ ਵੀ ਰੁੱਕਦਾ ਨਹੀਂ, ਤੁਰਦਾ ਰਹਿੰਦਾ ਆਪਣੀ ਤੋਰ।
ਬੰਦਾ ਸਾਰੀ ਉਮਰ ਦੁਨੀਆਂ ਨੂੰ, ਜਿੱਤਣ ਦੇ ਸੁਪਨੇ ਪਾਲਦਾ ਹੈ,
ਜਾਣਦਾ ਵੀ ਹੈ, ਮੈਂ ਅੰਦਰੋਂ - ਅੰਦਰੀ ਹੋ ਰਿਹਾ ਹਾਂ ਕਮਜ਼ੋਰ।
ਵੈਰ - ਵਿਰੋਧ, ਨਫ਼ਰਤ ਦੀ ਅੱਗ ਵਿੱਚ, ਬੰਦਾ ਸੜ ਰਿਹਾ ਹੈ,
ਕਿਉਂ ਇੱਕ ਦੂਜੇ ਨੂੰ ਥੱਲੇ ਲਾਉਣ ਲਈ, ਕਰਦਾ ਜੋੜ-ਤੋੜ?
ਮਿਹਨਤ ਕਰ, ਦਾਨ - ਪੁੰਨ ਕਰ, ਨਾ ਹੱਕ ਪਰਾਇਆ ਖਾਹ,
ਜਦ ਮਾਇਆ ਸਾਥ ਨਹੀਂ ਜਾਣੀ, ਕਿਉਂ ਪੈਸੇ ਪਿੱਛੇ ਲਾਈ ਦੌੜ?
ਜੰਮਣ ਦਾ ਕਾਰਣ ਇੱਕੋ, ਮੌਤ ਦੇ ਬਣਦੇ ਕਈ ਬਹਾਨੇ,
ਜਦ ਮੌਤ ਨੇ ਪਾਉਣਾ ਘੇਰਾ, ਕੰਮ ਨਾ ਆਉਣਾ ਉਹੜ-ਪੋਹੜ।
ਜੇ ਜ਼ਿੰਦਗੀ ਮਿਲੀ ਹੈ, ਦੁਨੀਆਂ ਨੂੰ ਪਿਆਰ ਤੇ ਖੁਸ਼ੀਆਂ ਵੰਡ,
'ਪਾਲ' ਦੁਖੀਆਂ ਦੇ ਜ਼ਖ਼ਮਾਂ ਲਈ, ਮਲ੍ਹਮ ਬਣ ਜਾਂ ਬਣ ਟਕੋਰ।
ਦੋਸਤੋ ਬਾਹਠਵਾਂ ਸਲਾਮਤ ਰਹੇ, ਜ਼ਿੰਦਗੀ ਜਿੰਦਾਬਾਦ ਰਹੇ,
ਕੀ ਪਤਾ ਹੈ ਘੜੀ ਪਲ ਦਾ, ਚੱਲਦਾ ਪਿਆ ਭਿਆਨਕ ਦੌਰ।



**ਧਰਮ ਪਾਲ ਪੈਂਥਰ ਯੂ ਐਸ ਏ**



# ‘ਬੁੱਧ ਅਤੇ ਉਨਾਂ ਦਾ ਧੰਮ ਮੇਰੀ ਨਜ਼ਰ ਵਿੱਚ’ ਕਿਤਾਬ ਪ੍ਰਬੁੱਧ ਭਾਰਤ ਫਾਊਂਡੇਸ਼ਨ ਵੱਲੋਂ ਮਾਣਯੋਗ ਕੇਸੀ ਸੁਲੇਖ ਜੀ ਦੇ ਸ਼ਰਧਾਂਜਲੀ ਪ੍ਰੋਗਰਾਮ ਵਿੱਚ ਰਲੀਜ਼









ਮਿਤੀ 30 ਨਵੰਬਰ 2025 ਨੂੰ ਪ੍ਰਬੁੱਧ ਭਾਰਤ ਫਾਊਂਡੇਸ਼ਨ ਅਤੇ NRIS ਵੱਲੋਂ ਮਾਣਯੋਗ ਕੇ.ਸੀ ਸੁਲੇਖ ਜੀ ਦੇ ਸ਼ਰਧਾਂਜਲੀ ਸਮਾਗਮ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਵੱਖ ਵੱਖ ਬੁਲਾਰਿਆਂ ਅਤੇ ਕਵੀਆਂ ਨੇ ਸੁਲੇਖ ਜੀ ਨੂੰ ਆਪਣੇ ਆਪਣੇ ਸ਼ਬਦਾਂ ਵਿੱਚ ਸ਼ਰਧਾਂਜਲੀ ਦਿੱਤੀ ਅਤੇ ਉਨਾਂ ਦੁਆਰਾ ਬਾਬਾ ਸਾਹਿਬ ਜੀ ਨਾਲ ਕੀਤੇ ਕੰਮਾਂ ਬਾਰੇ ਅਤੇ ਉਨਾਂ ਦੀਆਂ ਲਿਖਤਾਂ ਬਾਰੇ ਚਾਨਣਾ ਪਾਇਆ ਅਤੇ ਪ੍ਰੋਗਰਾਮ ਦੇ ਅੰਤ ਤੇ ਇੰਜ : ਵਿਸ਼ਾਲ ਖੈਰਾ ਵੱਲੋਂ ਨੈਤਿਕਤਾ, ਕਰਨ , ਵਿਗਿਆਨ, ਕੁਦਰਤ ਅਤੇ ਤਰਕ ਨੂੰ ਮੁੱਖ ਰੱਖ ਕੇ ਲਿਖੀ ਗਈ ਕਿਤਾਬ "ਬੁੱਧ ਅਤੇ ਉਨ੍ਹਾਂ ਦਾ ਧੰਮ ਮੇਰੀ ਨਜ਼ਰ ਵਿੱਚ" ਪ੍ਰਬੁੱਧ ਭਾਰਤ ਫਾਊਂਡੇਸ਼ਨ ਦੀ ਸੰਮੂਹ ਟੀਮ ਮੈਂਬਰਸ ਵੱਲੋਂ ਰਲੀਜ਼ ਵੀ ਕੀਤੀ ਗਈ, ਜੋ ਕਿ ਬਾਬਾ ਸਾਹਿਬ ਬੀ.ਆਰ.ਅੰਬੇਡਕਰ ਦੀ ਦੁਆਰਾ ਲਿਖੇ ਗਏ ਦੁਨੀਆ ਦੇ ਮਹਾਨ ਸ਼੍ਰੇਸ਼ਟ ਗ੍ਰੰਥ "ਬੁੱਧ ਅਤੇ ਉਨਾਂ ਦਾ ਧੰਮ" ਦੇ (ਪੰਜਾਬੀ ਅਨੁਵਾਦਾਂ ਅਤੇ ਇੰਗਲਿਸ਼ ਵਾਲੀਅਮ) ਨਾਲ ਸੰਬੰਧਿਤ ਹੈ, ਜਿਸ ਵਿੱਚ ਬੁੱਧ ਅਤੇ ਉਨ੍ਹਾਂ ਦਾ ਧੰਮ" ਗ੍ਰੰਥ ਚੋਂ ਲਏ ਗਏ ਚੁਣਵੇਂ ਵਿੱਸ਼ੇ ਤਰਕਵਾਦੀ ਦ੍ਰਿਸ਼ਟੀਕੋਣ ਨੂੰ ਚੁਣ ਕੇ ਆਪ ਜੀ ਅੱਗੇ ਪੇਸ਼ ਕਰਨ ਦੀ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਹੈ।

ਉਪਰੋਕਤ ਤੋਂ ਇਲਾਵਾ ਸਮੇਂ ਮੁਤਾਬਕ ਬੁੱਧ ਧੰਮ ਵਿੱਚ ਜੋ ਛੇਕ ਹੋ ਚੁੱਕੇ ਸਨ, ਉਨ੍ਹਾਂ ਛੇਕਾਂ ਨੂੰ ਬਾਬਾ ਸਾਹਿਬ ਦੇ ਵਿਗਿਆਨਕ ਦ੍ਰਿਸ਼ਟੀਕੋਣ ਮੁਤਾਬਕ ਭਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਤੋਂ ਇਲਾਵਾ ਧੰਮ ਦੀ ਜਰੂਰਤ, ਧੰਮ ਇਤਿਹਾਸ, ਕਰਮ, ਗਿਆਨ, ਸ਼ੀਲ, ਨੈਤਿਕਤਾ ਬਾਰੇ ਲਿਖਣ ਦੀ ਇੱਕ ਛੋਟੀ ਜਿਹੀ ਕੋਸ਼ਿਸ਼ ਹੈ। ਉਮੀਦ ਹੈ ਬੁੱਧ ਧੰਮ ਪ੍ਰੇਮੀਆਂ ਨੂੰ ਵਿਗਿਆਨ,ਤਰਕ ਨਾਲ ਭਰਪੂਰ ਇਹ ਕਿਤਾਬ ਜਰੂਰ ਪਸੰਦ ਆਵੇਗੀ ਅਤੇ ਆਪਣੇ ਵਿਚਾਰ ਲੇਖਕ ਨੂੰ ਜਰੂਰ ਭੇਜਣਗੇ,ਜਿਸ ਨਾਲ ਇਸ ਕਿਤਾਬ ਨੂੰ ਉਹ ਹੋਰ ਲਾਭਕਾਰੀ ਬਣਾ ਸਕੇ। ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਮਾਣਯੋਗ ਡਾਕਟਰ ਰਾਹੁਲ, ਡਾਕਟਰ ਰਜਿੰਦਰ ਥਿੰਦ ,ਡਾਕਟਰ ਸੁਭਾਸ਼ ਚੌਹਾਨ, ਡਾਕਟਰ ਗੁਰਦੀਸ਼ ਕੈਲੇ , ਮਿਸ਼ਨਰੀ ਲੇਖਕ ਸੋਹਣ ਸਹਿਜਲ ਜੀ,ਡਾਕਟਰ ਇੰਦਰਜੀਤ ਕਜਲਾ , ਸੋਹਣ ਲਾਲ ਸਾਂਪਲਾ ਜੀ (ਜਰਮਨ) ਗੁਰਦਿਆਲ ਬੌਧ ਜੀ, ਰਮੇਸ਼ ਕੌਲ, ਲੇਖਕ ਸੰਦੀਪ ਤਲਵਣ




ਮਨੋਹਰ ਬੌਧ ਜੀ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਮਾਸਟਰ ਤਜਿੰਦਰ ਜੀ ਨੇ ਪ੍ਰੋਗਰਾਮ ਆਰਥਿਕ ਸਹਿਯੋਗ ਲਈ ਧੰਮ ਪ੍ਰਚਾਰਕ ਅਤੇ ਚਿੰਤਕ ਮਾਣਯੋਗ ਓਸ਼ੋ ਰਾਜ ਕਨੇਡਾ , ਸਮਾਜ ਸੇਵਕ ਧਰਮ ਚੰਦ ਮਹੇ ਜੀ ਅਤੇ ਚਰਨਜੀਤ (ਪੁਆਰੀ ਵਕੀਲ) ਜੀ ਦਾ ਧੰਨਵਾਦ ਕੀਤਾ।

ਕਿਤਾਬ ਖਰੀਦਣ ਲਈ ਤੁਸੀਂ ਹੇਠ ਦਿੱਤੇ ਪਤੇ ਅਤੇ ਫੋਨ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ

ਕਿਤਾਬ ਦਾ ਨਾਂ: ਬੁੱਧ ਅਤੇ ਉਨ੍ਹਾਂ ਦਾ ਧੰਮ ਮੇਰੀ ਨਜ਼ਰ ਵਿੱਚ”

**ਪਬਲੀਸ਼ਰ: ਟ੍ਰਿਪਲ ਜੈਮ ਪਬਲੀਕੇਸ਼ਨ, ਫਗਵਾੜਾ**

**ਫੋਨ ਨੰਬਰ: 99158-53404, 7707925975**

# ਬੁੱਧ ਵਿਵੇਕ: ਠਾਕੀਆਂ ਜੀਭਾਂ ਵਾਲੇ !

ਹੁਣ ਅਸੀਂ ਜਿਸ ਦੌਰ ਵਿੱਚੋਂ ਗੁਜ਼ਰ ਰਹੇ ਹਾਂ, ਇਸ ਸਮੇਂ ਅਸੀਂ ਗੂੰਗੇ, ਬੋਲੇ ਤੇ ਅੰਨ੍ਹੇ ਬਣ ਕੇ ਰਹਿ ਗਏ ਹਾਂ। ਅੱਖਾਂ ਦੇ ਹੁੰਦੇ, ਸਭ ਕੁੱਝ ਹੁੰਦਾ ਦੇਖੀ ਜਾ ਰਹੇ ਹਾਂ, ਪਰ ਬੋਲਦੇ ਨਹੀਂ। ਸਾਡੀ ਜੀਭ ਕਿਉਂ ਠਾਕੀ ਗਈ? ਇਸ ਬੀਮਾਰੀ ਦਾ ਸਾਨੂੰ ਕੋਈ ਪਤਾ ਨਹੀਂ, ਕਦੋਂ ਲੱਗ ਗਈ ਹੈ। ਅਸੀਂ ਬਹਾਦਰਾਂ ਦੇ ਵਾਰਿਸ ਫੁਕਰਿਆਂ ਦੇ ਵਿੱਚ ਕਿਵੇਂ ਬਦਲ ਗਏ ? ਅਸੀਂ ਆਪਣਿਆਂ ਦੀਆਂ ਜੜ੍ਹਾਂ ਕਿਉਂ ਵੱਢਣ ਲੱਗ ਪਏ ਤੇ ਦੁਸ਼ਮਣ ਸਾਹਮਣੇ ਚੱਡਿਆਂ ਵਿੱਚ ਪੂੰਛਾਂ ਲੈਣ ਕੇ ਉਹਨਾਂ ਦੇ ਖੁਰ ਚੱਟਣ ਲੱਗ ਪਏ। ਮਿੱਤਰੋ ! ਜਦੋਂ ਦੇ ਅਸੀਂ ਚੌਕੀਦਾਰ ਬਣੇ ਆਂ, ਓਦੋਂ ਦੇ ਮਿੱਤਰਾਂ ਦੇ ਬੋਲ ਪਿਆਰੇ ਹੀ ਨਹੀਂ ਲਗਦੇ, ਸਗੋਂ 'ਮਿੱਠਾ ਸ਼ਰਬਤ ਵਰਗਾ ਪਾਣੀ' ਬਣ ਗਏ ਹਨ। ਉਸ ਵੇਲ਼ੇ ਤੋਂ ਅਸੀਂ ਸਿਆਸੀ ਆਗੂਆਂ ਤੇ ਪੁਲਿਸ ਵਾਂਙੂੰ 'ਨੋਟ ਅਤੇ ਮਾਲ' ਦੇ ਢੇਰ ਤਾਂ ਨਹੀਂ ਲਗਾਏ, ਸਗੋਂ ਆਪਣੇ ਆਲ਼ੇ ਦੁਆਲ਼ੇ ਬਦਨਾਮੀ ਦੇ 'ਵੱਟਿਆਂ' ਦਾ 'ਬੋਹ਼ਲ' ਜ਼ਰੂਰ ਬਣਾ ਲਿਆ ਹੈ। ਆਪਣੇ ਚਾਰੇ ਪਾਸੇ ਮਿੱਤਰਾਂ ਦੀ ਨਹੀਂ, ਦੁਸ਼ਮਣਾਂ ਦੀ ਭੀੜ 'ਕੱਠੀ ਕਰ ਲਈ ਹੈ। ਹੁਣ ਹਰ ਵੇਲ਼ੇ ਇਹੀ ਡਰ ਬਣਿਆ ਰਹਿੰਦਾ ਹੈ ਕਿਤੇ ਪੀੜ ਨਾ ਸ਼ੁਰੂ ਹੋ ਜਾਵੇ। ਜਦੋਂ 'ਪੁਰੇ ਦੀ ਵਾਅ' ਚੱਲੀ ਤਾਂ ਹੱਡਾਂ 'ਚ ਕਿਤੇ ਵਾਈ ਬਾਦੀ ਦੀ ਪੀੜ ਈ ਨਾ ਸ਼ੁਰੂ ਹੋ ਜਾਵੇ। ਲੇਖਕ ਭਾਈਚਾਰੇ ਨੂੰ ਇਹ ਝੋਰਾ ਵੱਢ-ਵੱਢ ਖਾਈ ਜਾਂਦਾ ਹੈ ਕਿ ਇਹ ਦਾਦੇ ਮਗ੍ਹਾਉਣਾ 'ਬੁੱਕ਼ਲ' 'ਚ ਬੈਠ ਕੇ ਸਾਡੀ ਦਾਹੜੀ ਪੁੱਟੀ ਜਾਂਦਾ ਹੈ।

ਪਰ ਮਿੱਤਰੋ, ਕਰੀਏ ਕੀ ?

ਜਦੋਂ ਆਪਣੇ ਹੀ ਪਰਾਏ ਹੋ ਜਾਣ ਤਾਂ ਫਿਰ ਤੇਹ ਮੋਹ ਦੀ ਭੁੱਖ ਦਾ ਮਾਰਿਆ ਬੰਦਾ ਕੀ ਕੀ ਨਹੀਂ ਕਰਦਾ? ਉਹ ਜਿਉਂਦੇ ਰਹਿਣ ਲਈ ਕਈ ਤਰ੍ਹਾਂ ਦੇ ਪਾਪੜ ਵੇਲਦਾ ਹੈ। ਹੁਣ ਸਾਨੂੰ ਥੁੱਕ ਨਾਲ਼ ਵੜੇ ਪਕਾਉਣੇ ਤਾਂ ਆਉਂਦੇ ਨਹੀਂ। ਅਸੀਂ ਤਾਂ 'ਨੰਗੇ ਧੜ' ਲੜ ਰਹੇ ਹਾਂ, ਤੇ ਨਿੱਤ 'ਭੁੱਖ-ਨੰਗ' ਨਾਲ਼ ਘੁਲ਼ ਰਹੇ ਹਾਂ। ਹੁਣ ਤੁਸੀਂ ਆਖੋਗੇ ਕਿ ਇਹ ਕੀ 'ਨਘੋਚਾਂ' ਜਿਹੀਆਂ ਕੱਢੀ ਜਾਂਦਾ ਐ? ਵਿਚਲੀ ਗੱਲ ਨਹੀਂ ਦੱਸਦਾ ਜਿਵੇਂ ਮਰਾਸੀ ਦੱਸਦੇ ਹੁੰਦੇ ਬੰਦੇ ਦਾ ਕੁਰਸੀਨਾਮਾ! ਇਹਦੇ ਪਿਉ ਦਾ ਪਿਉ ਬਗੈਰਾ ਬਗੈਰਾ।

ਮਿੱਤਰੋ ! ਅਸਲ ਗੱਲ ਇਹ ਹੈ ਕਿ ਆਪਾਂ ਕੁੱਕੜੀ ਵਾਂਙੂੰ ਨਿੱਤ ਆਂਡਾ ਨਹੀਂ ਦੇਂਦੇ, ਨਾ ਹੀ ਕਦੇ ਆਪਣੀ 'ਜਿੱਤ ਦੇ ਝੰਡੇ ਗੱਡੇ' ਹਨ। ਪਰ ਜਦੋਂ ਆਲ਼ੇ-ਦੁਆਲ਼ੇ ਚੋਰੀ ਕੀਤੇ ਸ਼ਬਦਾਂ ਦੀਆਂ ਉਲ਼ਟੀਆਂ ਦਾ ਮੁਸ਼ਕ ਸਿਰ ਨੂੰ ਚੜ੍ਹਦਾ ਹੈ ਤਾਂ ਉਸਦੀ ਕਾਟ ਲਈ ਸੁਰਤ ਵਿੱਚ ਸੰਭਾਲ ਕੇ ਰੱਖੇ ਸ਼ਬਦ ਬਾਣ ਚਲਾਉਣੇ ਜ਼ਰੂਰੀ ਹੋ ਜਾਂਦੇ ਹਨ।

ਦੁੱਖ ਇਸ ਗੱਲ ਦਾ ਐ ਕਿ ਮੂਹਰੇ ਕੋਈ ਦੁਸ਼ਮਣ ਨਹੀਂ ਸਗੋਂ ਉਹ ਭਰਾ ਹਨ ਜਿਹਨਾਂ ਨਾਲ਼ ਜੰਗ ਲੜਨੀ ਪੈ ਗਈ। ਹੁਣ ਤਾਂ ਹਾਲਾਤ ਵੀ ਮਹਾਂਭਾਰਤ ਦੀ ਜੰਗ ਵਰਗੇ ਹੋਏ ਪਏ ਆ । ਸਾਡੇ ਕੋਲ਼ ਤਾਂ ਮਹਾਨ ਕੋਈ ਪਾਤਰ ਵੀ ਨਹੀਂ ਹੈਗਾ ਜਿਹੜਾ ਆਪਣਿਆਂ ਨੂੰ ਮਾਰਨ ਲਈ 'ਉਪਦੇਸ਼' ਦੇ ਸਕਦਾ ਹੋਵੇ। ਹੁਣ ਤੇ ਵਿਭੀਖ਼ਣ ਵੀ ਨਹੀਂ ਹੈਗਾ ਜੋ ਕੋਈ ਗੁੱਝਾ ਭੇਤ ਆ ਕੇ ਦੱਸ ਦੇਵੇ ਤੇ ਨਿੱਤ ਦਾਲ਼ ਰੋਟੀ ਮੰਗਣ ਵਾਲ਼ਿਆਂ ਦਾ ਗ਼ਲਾ ਵੱਢਿਆ ਜਾਵੇ। ਹੁਣ ਇਹ ਹਾਲਾਤ ਮੇਰੇ 'ਕੱਲੇ ਦੇ ਨਹੀਂ ਸਭ ਦੇ ਹੀ ਬਣ ਗਏ ਹਨ। ਹੁਣ ਇੱਥੇ ਤਾਂ ਲੜਾਈ ਵਿਰੋਧੀਆਂ ਨਾਲ਼ ਲੜਨ ਦੀ ਬਜਾਏ ਬੰਦਾ ਆਪਣੇ ਆਪ ਨਾਲ਼ ਹੀ ਲੜੀ ਜਾ ਰਿਹਾ ਹੈ।

ਇਸ ਲੜਾਈ ਵਿੱਚ ਕੋਈ ਹੋਰ 'ਮਰੇ ਜਾਂ ਨਾ ਮਰੇ' ਪਰ ਬੰਦਾ ਆਪਣੇ ਆਪ ਨੂੰ ਜਰੂਰ ਮਾਰ ਲੈਂਦਾ ਹੈ। ਨਿੱਤ ਮਰ ਰਿਹਾ, ਕਿਸੇ ਨੂੰ ਕੋਈ ਫਰਕ ਨਹੀਂ ਪਿਆ। ਬੰਦਾ ਕਿਵੇਂ ਮਰਦਾ ਹੈ, ਇਸ ਦੀ ਕਿਧਰੇ ਭਿਣਕ ਵੀ ਨਹੀਂ ਪੈਂਦੀ ਤੇ ਨਾ ਹੀ ਕੰਨੋਂ-ਕੰਨੀਂ ਖ਼ਬਰ ਹੁੰਦੀ ਹੈ। ਕਿੱਧਰੇ ਸੋਗ ਦੇ ਮਤੇ ਵੀ ਨਹੀਂ ਪੈਂਦੇ, ਅਖ਼ਬਾਰਾਂ ਨੂੰ ਬਿਆਨ ਵੀ ਜਾਰੀ ਨਹੀਂ ਹੁੰਦੇ। ਸਮਾਜ ਦੇ ਕਈ ਘੜੰਮ ਚੌਧਰੀ ਸਵੇਰੇ ਉਠ ਕੇ ਪਹਿਲਾਂ ਅਖ਼ਬਾਰਾਂ ਦੀਆਂ ਸੁਰਖੀਆਂ ਪੜ੍ਹਦੇ ਨੇ ਤੇ ਫਿਰ ਫ਼ੈਸਲਾ ਕਰਦੇ ਨੇ ਕਿ ਕਿਹੜਾ ਬਿਆਨ ਜਾਰੀ ਕਰਨਾ ਹੈ।

ਇਹ ਕੰਮ ਸਿਆਸੀ ਆਗੂ ਕਰੇ ਤਾਂ ਪਿਆ ਕਰੇ, ਇਹ ਉਸ ਦੀ ਆਪਣੀ 'ਭੁੱਖ' ਹੋ ਸਕਦੀ ਹੈ, ਪਰ ਜਦੋਂ ਕੋਈ 'ਸਾਹਿਤ ਤੇ ਸਮਾਜ ਸੇਵੀ ਸੰਸਥਾ' ਇਹ ਕਹਿਣ ਲੱਗ ਪਏ ਕਿ "ਘਬਰਾ ਨਾ, ਤੇਰੀ ਮੌਤ 'ਤੇ ਵੀ ਅਸੀਂ ਮਤਾ ਪਾ ਦਿਆਂਗੇ ਤੇ ਅਖ਼ਬਾਰ ਨੂੰ ਬਿਆਨ ਵੀ ਜਾਰੀ ਕਰ ਦਿਆਂਗੇ।" ਹੱਦ ਹੋ ਗਈ, ਜਿਵੇਂ ਆਪ ਕਦੇ ਮਰਨਾ ਹੀ ਨਹੀਂ ਹੁੰਦਾ । ਬੰਦਾ ਸਰੀਰਕ ਮੌਤ ਤਾਂ ਭਾਂਵੇਂ ਇੱਕ ਵਾਰ ਮਰਦਾ ਹੈ ਪਰ ਮਾਨਸਿਕ ਤੌਰ ਤੇ ਪਲ ਪਲ ਮਰਦਾ ਹੈ। ਘਟਨਾ ਕੋਈ ਵੀ ਹੋਵੇ, ਅੱਜਕੱਲ੍ਹ ਇਹੋ ਕੁਝ ਹੁੰਦਾ ਹੈ। ਸਿਰਫ਼ ਬਿਆਨ ਹੀ ਜਾਰੀ ਹੁੰਦੇ ਹਨ... ਸਥਿਤੀ ਕਾਬੂ ਹੇਠ ਹੈ... ਜਾਂਚ ਕਮਿਸ਼ਨ ਬਣਾ ਦਿੱਤਾ ਹੈ । ਹੁਣ ਤੱਕ ਕਿਸੇ ਕਮਿਸ਼ਨ ਦੀ ਰਿਪੋਰਟ ਲਾਗੂ ਨਹੀ ਹੋਈ ? ਨਹੀਂ ਹੋਈ, ਇਹਨੂੰ ਕਹਿੰਦੇ -

" ਟਾਲੋ ਨੀਤੀ ਭੁੱਲ ਜਾਓ ਕੀ ਹੈ ਹੋਈ ਬੀਤੀ ।"

ਹਕੀਕਤ ਵਿੱਚ ਕੁੱਝ ਵੀ ਨਹੀਂ ਹੁੰਦਾ। ਕਦੋਂ ਤੋਂ ਕਮਿਸ਼ਨ ਤੇ 'ਸਿੱਟਾਂ' ਬਣ ਰਹੀਆਂ ਹਨ। ਇਹਨਾਂ ਨੇ ਲੋਕਾਂ ਦੇ ਪੱਲੇ ਕੀ ਪਾਇਆ ਹੈ ? ਦਰਿਆਈ ਪਾਣੀਆਂ ਦੀ ਵੰਡ ਹੋਵੇ, ਬੋਲੀਆਂ ਦੀ ਹੱਦਬੰਦੀ ਹੋਵੇ, ਬੇਅਦਬੀਆਂ ਦਾ ਮਾਮਲਾ, ਬਗੈਰਾ ਬਗੈਰਾ ; ਕਿਸੇ ਵੀ ਕਮਿਸ਼ਨ ਨੇ ਪੰਜਾਬੀਆਂ ਨੂੰ ਇਨਸਾਫ਼ ਨਹੀਂ ਦਿੱਤਾ। ਐਨੀ ਬਦਨਾਮੀ ਖੱਟਣ ਤੋਂ ਬਾਅਦ, 'ਕਮਿਸ਼ਨ' ਨੇ ਲਿੰਗ ਬਦਲੀ ਕਰਵਾ ਕੇ ਆਪਣਾ ਨਵਾਂ ਨਾਂ 'ਸਿੱਟ' ਰੱਖ ਲਿਆ ਹੈ:

ਇਹ ਨਵੀਂ ਨਵੇਲੀ ਸਿੱਟ,<br>
ਸਰਕਾਰਾਂ ਦੇ ਬੜੀ ਹੈ ਫਿੱਟ,<br>
ਪੱਲੇ ਕਿਸੇ ਦੇ ਕੁਝ ਨਾ ਪਾਉਂਦੀ<br>
ਤੇ ਲੋਕ ਰਹੇ ਨੇ ਪਿੱਟ,<br>
ਕੀ ਬ਼ਲਾਅ ਇਹ,<br>
ਕਿਸ ਕਿਸ ਦੇ ਨਾ਼ਲ<br>
ਕਰਦੀ ਇਹ ਗਿਟਮਿਟ,<br>
ਚਾਤ੍ਰਿਕ ਵਾਂਙੂੰ ਅਸੀਂ ਤਿਹਾਏ<br>
ਤੱਕਦੇ ਪਏ ਬਿਟ ਬਿਟ,<br>
ਪਤਾ ਨਹੀਂ ਕਦ ਮਿਲ਼ੂ ਪੀਣ ਨੂੰ<br>
'ਸਵਾਤਿ ਨਛੱਤਰ' ਦੀ ਛਿੱਟ ?

ਜਦੋਂ ਸਾਰੇ ਹੀ 'ਬਾਪੂ ਕੇ ਤੀਨ ਬੰਦਰ' ਬਣ ਜਾਣ, ਅੱਖਾਂ, ਕੰਨ ਤੇ ਮੂੰਹ ਬੰਦ ਕਰ ਲੈਣ... ਸਰ੍ਹਾਣੇ ਹੇਠ ਬਾਂਹ ਦੇ ਕੇ ਸੌਂ ਜਾਣ ਤਾਂ ਕਿਸੇ ਨੂੰ ਤਾਂ ਬੋਲਣਾ ਈ ਪਊ, ਤੇ ਕਿਸੇ ਨੂੰ ਤਾਂ ਲਿਖਣਾ ਈ ਪਊ ?

ਕਈਆਂ ਨੂੰ ਇਹ ਭਰਮ ਹੈ ਕਿ ਅਸੀਂ 'ਚੌਧਰੀ' ਹਾਂ ਤੇ ਸਾਡੀ ਚੌਧਰ ਦਾ 'ਤੁਰ੍ਹਲਾ' ਸਭ ਤੋਂ ਉੱਚਾ ਹੈ। ਉਹ ਹਰ ਥਾਂ ਚੌਧਰ ਘੋਟਦੇ ਹਨ, ਆਪਣੇ ਪ੍ਰਵਚਨ ਸੁਣਾਉਂਦੇ ਹਨ ਤੇ ਕੁਰਸੀ ਦੁਆਲ਼ੇ ਪੂਛ ਫੇਰਦੇ ਹਨ... ਕੁਰਸੀ ਨੂੰ ਜੀਭ ਨਾ਼ਲ ਰਗੜ ਕੇ ਸਾਫ਼ ਕਰਦੇ ਹਨ ਤੇ ਮਾਇਆ ਨਾ਼ਲ ਝੋਲ਼ੀ ਭਰਦੇ ਹਨ।

ਕਈ ਵਾਰ ਭਰਮ ਵਿੱਚ ਜਾਂ ਸ਼ਰਮ ਵਿੱਚ ਮੀਸਣਾ ਹਾਸਾ ਹਸਦੇ ਹਨ । ਉਹਨਾਂ ਦੀਆਂ ਝੱਲ ਵਲੱਲੀਆਂ ਦਾ ਪਤਾ ਨੀ ਲੱਗਦੈ ਕਿ ਹੋ ਕੀ ਰਿਹਾ..? ਉਹ ਆਪਣਿਆਂ ਨੂੰ ਹੀ ਨਹੀਂ ਸਗੋਂ ਬੇਗਾਨਿਆਂ ਨੂੰ ਵੀ ਅਜਿਹੇ ਹੁਕਮ ਜਾਰੀ ਕਰਨ ਲਗਦੇ ਹਨ ਕਿ ਸੁਣਨ ਵਾ਼ਲੇ ਨੂੰ ਸਮਝ ਹੀ ਨਹੀਂ ਪੈਂਦੀ ਕਿ ਇਹ 'ਸੱਜਣ ਪੁਰਸ਼' ਕਹਿ ਕੀ ਰਹੇ ਹਨ ? ਬਹੁਤਿਆਂ ਨੇ ਲਿਖਣਾ ਸ਼ੁਗਲ ਬਣਾ ਲਿਆ ਹੈ। ਉਹਨਾਂ ਉਵੇਂ ਹੀ ਸ਼ੌਕ ਪਾ਼ਲ ਲਿਆ ਹੈ ਜਿਵੇਂ ਕਬੂਤਰ ਪਾ਼ਲੀ ਦੇ ਹਨ।

ਹੁਣ ਉਹ ਕਿਸੇ ਸ਼ਰਾਬੀ ਵਾਂਙੂੰ ਕਿਤਾਬਾਂ ਦੀਆਂ 'ਉ਼ਲਟੀਆਂ' ਕਰਨ ਲੱਗ ਪਏ ਹਨ। ਉਨ੍ਹਾਂ ਦੀਆਂ ਕਿਤਾਬਾਂ ਕਿਸ ਦੀ 'ਜੇਬ੍ਹ' ਭਾਰੀ ਕਰਦੀਆਂ ਹਨ? ਇਹ ਤਾਂ ਓਹੀਓ ਜਾਣਦੇ ਹਨ, ਜਿਹੜੇ ਕਿਤਾਬਾਂ ਛਾਪਦੇ ਹਨ। ਜਿਵੇਂ ਜਿਵੇਂ ਸਮਾਜ ਵਿੱਚ ਇਹਨਾਂ 'ਉਗਲੱਛਣਿਆਂ' ਦਾ ਵਾਧਾ ਹੋਇਆ ਹੈ, ਆਲ਼ੇ ਦੁਆਲ਼ੇ ਦੇ ਪੌਣ ਪਾਣੀ ਦੀ ਗਲਾਜ਼ਤ ਵੀ ਲਗਾਤਾਰ ਵਧਦੀ ਗਈ ਹੈ।

ਜਦੋਂ ਕੋਈ ਇਹੋ ਜਿਹੀਆਂ 'ਉ਼ਲਟਬਾਜੀਆਂ' ਤੇ ਪੋਚਾ ਫੇਰ ਕੇ 'ਉਗਲੱਛਣਿਆਂ' ਨੂੰ 'ਵੱਡਾ' ਬਣਾਕੇ ਪੇਸ਼ ਕਰਨ ਲੱਗ ਪਵੇ ਤਾਂ ਸਮਝ ਨਹੀਂ ਆਉਂਦੀ ਕਿ ਅਸੀਂ ਕਿਹੜੇ ਸਮਿਆਂ 'ਚ, ਕਿਹੜੇ ਕਵੀਆਂ ਦੇ ਘੇਰੇ ਵਿੱਚ ਫਸੇ ਬੈਠੇ ਹਾਂ। ਸ਼ਬਦਾਂ ਦੀ ਜੁਗਾ਼ਲੀ ਕਰਦਿਆਂ ਤੇ ਅਲੋਕਾਰੀ ਸਾਖੀਆਂ ਸੁਣਦਿਆਂ ਹੁਣ ਡਰ ਜਿਹਾ ਲੱਗਣ ਲੱਗ ਪਿਆ ਹੈ ਕਿ ਅਸੀਂ ਕਿਸ ਨੂੰ ਆਖੀਏ ਕਿ 'ਰਾਣੀਏ ਅੱਗਾ ਢੱਕ'।

ਹੁਣ ਤਾਂ ਚਿੱਟੀਆਂ ਮੁੱਛਾਂ ਵਾ਼ਲੇ 'ਰਾਣੀਆਂ' ਨੂੰ 'ਰਾਣੀਹਾਰ' ਪਾਉਣ ਲਈ ਪੱਬਾਂ ਭਾਰ ਹੋਏ ਆਪਣੇ ਕਾਰੋਬਾਰ ਹੀ ਬੰਦ ਕਰੀ ਜਾ ਰਹੇ ਹਨ। ਇਹਨਾਂ 'ਪਾਨ ਦੀਆਂ ਬੇ਼ਗਮਾਂ' ਨੂੰ ਥਾਂ ਥਾਂ ਹੁੰਦੇ ਸ਼ਬਦਾਂ ਦੇ ਮੁਜ਼ਰਿਆਂ ਵਿੱਚ 'ਮਲਿਕਾ ਏ ਅਲਫ਼ਾਜ਼' ਦਾ ਖਿਤਾਬ ਦਿਵਾਉਣ ਲਈ ਜੁਗਾੜਬੰਦੀ ਕਰਦੇ ਹਨ। ਜੇ ਅਗਾਂਹ ਦਾ਼ਲ ਨਾ ਗ਼ਲੇ ਤਾਂ ਪੱਲਿਓਂ ਮਾਇਆ ਵੀ ਭੇਟ ਕਰੀ ਜਾ ਰਹੇ ਹਨ।

ਇਹਨਾਂ 'ਚਿੱਟੀਆਂ ਮੁੱਛਾਂ' ਵਾ਼ਲਿਆਂ ਨੇ ਸਾਹਿਤ ਦੀ ਬੜੀ ਸੇਵਾ ਕੀਤੀ ਹੈ। ਇਹ ਅਸਮਾਨੀਂ ਚੜ੍ਹੀ ਇੱਲ ਵਾਂਙੂੰ ਹਰ ਵੇ਼ਲੇ 'ਕੱਚੇ ਮਾਸ' 'ਤੇ ਨਿਗਾਹ ਰੱਖਦੇ ਹਨ। ਜਦੋਂ ਕਦੇ ਅਸੀਂ ਇਹਨਾਂ 'ਚਿੱਟੀਆਂ' ਮੁੱਛਾਂ ਦਾਹੜੀਆਂ ਵਾ਼ਲਿਆਂ ਦੇ ਕੁਰਸੀਨਾਮੇ ਵੇਖਦੇ ਹਾਂ ਤਾਂ ਜਾਕੇ ਕਿਤੇ ਸਮਝ ਆਉਂਦੀ ਹੈ ਕਿ 'ਜੇਹੇ ਕੁੱਜੇ ਤੇਹੇ ਆ਼ਲੇ' ਹਨ।

ਉਹ ਆਪਣੇ ਆ਼ਲੇ ਦੁਆ਼ਲੇ ਜਿਹੜੇ 'ਗੜਵਈਆਂ' ਦੀ ਭੀੜ ਲਾਈ ਬੈਠੇ ਹਨ, ਜਦੋਂ ਉਹ ਪ੍ਰਵਚਨ ਕਰਦੇ ਹਨ ਕਿ "ਸਾਡੇ ਚੌਗਿਰਦੇ ਸਮਾਜ ਵਿੱਚ ਪ੍ਰਦੂਸ਼ਣ ਵਧਾਉਣ ਵਾ਼ਲੀਆਂ ਸ਼ਕਤੀਆਂ ਪੈਦਾ ਹੋ ਗਈਆਂ ਹਨ, ਜਿਹੜੀਆਂ ਸਮਾਜ ਨੂੰ ਗਧਿਆਂ ਵਾਂਙੂੰ ਚਰੀ ਜਾ ਰਹੀਆਂ ਹਨ" ਤਾਂ ਹਾਸਾ ਆਉਂਦਾ ਹੈ।

ਇਹ ਹਾਸਾ ਰੋਣੇ ਵਰਗਾ ਹੁੰਦਾ ਹੈ ਪਰ ਇਸ ਰੋਣੇ ਨੂੰ ਕੋਈ ਸੁਣਦਾ ਨਹੀਂ । ਸਗੋਂ ਹਰ ਕਿਸੇ ਨੇ 'ਟਿੰਡ ਵਿੱਚ ਕਾਨਾ' ਪਾਇਆ ਹੋਇਆ ਹੈ ਤੇ ਆਪੋ-ਆਪਣਾ ਰਾਗ ਅਲਾਪ ਰਿਹਾ ਹੈ। ਇਹ ਰਾਗ ਕਿਹੜਾ ਹੈ? ਇਸ ਦੀ ਨਾ ਤਾਂ ਉਹਨਾਂ ਨੂੰ ਖੁਦ ਸਮਝ ਹੈ ਤੇ ਨਾ ਹੀ ਸੁਣਨ ਵਾਲਿਆਂ ਨੂੰ ਸਮਝ ਆਉਂਦੀ ਹੈ।

ਸਮਾਜ ਵਿੱਚ ਵਧ੍ਹ ਰਹੇ ਸ਼ੋਰ ਕਰਕੇ 'ਮੁਰਾਰੀ ਲਾਲ' ਆਪਣੀ ਚੁੱਪ ਦੀ ਗੁਫ਼ਾ ਵਿੱਚ ਬੈਠਾ ਆਖੀ ਜਾ ਰਿਹਾ ਹੈ, 'ਭਾਊ ਤੈਂ ਕੀ ਲੈਣਾ ਐ' ! ਢਕੀ ਰਿੱਝਣ ਦੇ।

ਪਰ ਚੌਕੀਦਾਰ ਕਹੇ ? 'ਜਾਗਦੇ ਰਹੋ, ਜਾਗਦੇ ਰਹੋ' ਜਾਂ 'ਚੋਰੋ ਆ ਜਾਓ, ਘਰਾਂ ਵਾ਼ਲਿਓ ਸੌਂ ਜਾਓ' ?

ਜਦੋਂ 'ਅੰਨ੍ਹੀ ਪੀਹਵੇ ਤੇ ਕੁੱਤਾ ਚੱਟੇ, ਕੁੱਤਾ ਰਾਜ ਬਹਾਲੀਐ ਮੁੜ ਚੱਕੀ ਚੱਟੇ !

ਫਿਰ ਤਾਂ ਏਹੀ ਕਹਿਣ ਦੀ ਲੋੜ ਹੈ: ਚੌਕੀਦਾਰਾ ਲੈ ਮਿੱਤਰਾ, ਤੇਰੇ ਲੱਗਦੇ ਨੇ ਬੋਲ ਪਿਆਰੇ । ਅੱਜਕੱਲ੍ਹ ਮਿੱਤਰ ਵੀ ਮੌਸਮ ਵਾਂਗੂੰ ਬਦਲ ਰਹੇ ਨੇ ; ਕੱਚੀ ਟੁੱਟਗੀ ਜੀਹਨਾਂ ਦੀ ਯਾਰੀ, ਪੱਤਣਾਂ ਤੇ ਰੋਣ ਖੜੀਆਂ। ਹੁਣ ਤਾਂ ਕੱਚੀ ਯਾਰੀ ਲੱਡੂਆਂ ਦੀ ਬਣ ਗਈ ਹੈ। ਹੁਣ ਬੇਭਰੋਸਗੀ ਵੱਧ ਰਹੀ ਮਹਿੰਗਾਈ ਵਾਂਗੂੰ, ਮੋਹ ਪਿਆਰ, ਜੀਡੀ ਪੀ ਤੇ ਭਾਰਤੀ ਕਰੰਸੀ ਵਾਂਗੂੰ ਦਿਨੋਂ ਦਿਨ ਡਿੱਗ ਰਿਹਾ ਹੈ, ਝੂਠ, ਫਰੇਬ ਤੇ ਲੁੱਟਮਾਰ ਡਾਲਰ ਵਾਂਗੂੰ ਮਜ਼ਬੂਤ ਹੋ ਰਿਹਾ ਹੈ ।

ਹੁਣ ਜਲਦੀ ਸਭ ਭਾਰਤੀ ਆਰਥਿਕ ਤੌਰ ਤੇ ਬਰਾਬਰ ਹੋ ਜਾਣਗੇ, ਸਾਰੀਆਂ ਸਿਆਸੀ ਪਾਰਟੀਆਂ ਇਕੋ ਹੀ ਵਰਦੀ ਪਾਉਣਗੀਆਂ, ਤੁਸੀਂ ਸੌਂ ਜਾਵੋ ਚੌਕੀਦਾਰ ਜਾਗ ਰਿਹਾ ਹੈ। ਇਸੇ ਕਰਕੇ ਤਾਂ ਐਸ ਆਈ ਆਰ ਕਰਵਾਉਣ ਲਈ ਮੁੱਖ ਚੋਣ ਕਮਿਸ਼ਨਰ ਤਰਲੋ ਮੱਛੀ ਹੋ ਗਿਆ ਹੈ। ਦੇਸ਼ ਵਿੱਚ ਬੀ ਐਲ ਓ ਮਰਦੇ ਹਨ, ਉਸ ਦਾ ਸਰਕਾਰ ਨੂੰ ਭੋਰਾ ਫ਼ਿਕਰ ਨਹੀਂ। ਉਸਨੂੰ ਇਹ ਫ਼ਿਕਰ ਕਿਤੇ ਕਿਸੇ ਦੀ ਵੋਟ ਰਹਿ ਨਾ ਜਾਵੇ? ਦੂਜੇ ਪਾਸੇ ਠਾਕੀਆਂ ਜੀਭਾਂ ਵਾਲਿਆਂ ਨੇ ਮੋਨ ਧਾਰਨ ਕਰ ਲਿਆ ਹੈ, ਉਹ ਚੁੱਪ ਦੀ ਬੁੱਕਲ ਮਾਰ ਕੇ ਸੱਤ ਸੰਗ ਕਰਦੇ ਹਨ। ਤੁਸੀਂ ਵੀ ਸੱਤ ਸੰਗ ਕਰਦੇ ਓ ਜਾਂ ਫਿਰ ਕਿਸੇ ਦੀ ਜੇਬ ਜਾਂ ਜ਼ਰ, ਜ਼ੋਰੂ ਤੇ ਜ਼ਮੀਨ ਦੱਬਣ ਦੀਆਂ ਸਕੀਮਾਂ ਬਣਾ ਰਹੇ ਓ? ਸੱਚ ਦੱਸਿਓ।



ਬੁੱਧ ਸਿੰਘ ਨੀਲੋਂ
94643-70823

# Samaj Weekly
# ਸਮਾਜ ਵੀਕਲੀ

Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**